ਨਾਟਕ

# ਸ਼ੌਕ ਅਵੱਲੇ

ਜਗਦੀਸ਼ ਸਚਦੇਵਾ

## ਪਾਤਰ

- ਜੀਤ ਸਿੰਘ ਬਰੱਸਟ
  (ਪੰਜਾਬੀ ਦਾ ਨਾਮਵਰ ਗੀਤਕਾਰ)
- ਸੰਤ ਕੌਰ
  (ਜੀਤ ਸਿੰਘ ਦੀ ਪਤਨੀ)
- ਤੋਤੀ ਸਰਪੰਚ
  (ਜੀਤ ਸਿੰਘ ਦਾ ਸਰਪੰਚ ਮਿੱਤਰ)
- ਗਿੰਦਰ
  (ਜੀਤ ਸਿੰਘ ਦੀ ਵਿਧਵਾ ਭੈਣ)
- ਪ੍ਰਿੰਸ
  (ਗਿੰਦਰ ਦਾ ਜੁਆਨ ਪੁੱਤ)
- ਅਜੈਬ ਸਿੰਘ
  (ਗਿੰਦਰ ਦਾ ਜੇਠ)
- ਇਕ ਔਰਤ
  (ਗਿੰਦਰ ਦੀ ਜਠਾਣੀ)
- ਡੀ.ਸੀ.
  (ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ)
- ਨਿਰਵੈਰ ਸਿੰਘ ਖ਼ਾਲਸਾ
  (ਐੱਮ.ਐੱਲ.ਏ.)
- ਸੋਨਾ ਮੋਨਾ
  (ਜੀਤ ਸਿੰਘ ਦੀਆਂ ਦੋ ਨੰਨ੍ਹੀਆਂ ਬੇਟੀਆਂ)

(ਤੇ ਕੁਝ ਹੋਰ ਮਹਿਮਾਨ ਅਤੇ ਫਿਲਮਾਏ ਹੋਏ ਕੁਝ ਦ੍ਰਿਸ਼)

## ਪਹਿਲਾ ਸੀਨ

[ਪਿੰਡ ਵਿਚ ਪੰਜਾਬੀ ਦੇ ਨਾਮਵਰ ਗੀਤਕਾਰ ਜੀਤ ਸਿੰਘ ਬਰੱਸਟ ਦੇ ਘਰ ਦਾ ਵਿਹੜਾ। ਜੀਤ ਸਿੰਘ ਦੀਵਾਰ 'ਤੇ ਲੱਗੇ ਸ਼ੀਸ਼ੇ ਸਾਹਵੇਂ ਖੜ੍ਹਾ ਪੱਗੜੀ ਬੰਨ੍ਹ ਰਿਹਾ ਹੈ। ਪੱਗੜੀ ਦੇ ਆਖ਼ਰੀ ਲੜ ਨੂੰ ਸੈੱਟ ਕਰਦਾ, ਪਿੰਨਾਂ ਵਗ਼ੈਰਾ ਲਗਾਉਂਦਾ ਜੀਤ ਸਿੰਘ ਕੁਝ ਗੁਣਗੁਣਾ ਵੀ ਰਿਹਾ ਹੈ। ਜਿਵੇਂ ਕਿਸੇ ਗੀਤ ਦਾ ਮੁਖੜਾ ਵੀ ਬਣਾ ਰਿਹਾ ਹੋਵੇ। ਪੱਗੜੀ 'ਚ ਆਖ਼ਰੀ ਪਿੰਨ ਠੋਕ ਕੇ ਖ਼ੁਸ਼ੀ ਨਾਲ ਚਹਿਕ ਪੈਂਦਾ ਹੈ ਤੇ ਗੀਤ ਦੇ ਤਿਆਰ ਹੋ ਚੁੱਕੇ ਮੁੱਖੜੇ ਨੂੰ ਗਾਉਂਦਾ ਖ਼ੁਸ਼ੀ 'ਚ ਖੀਵਾ ਹੁੰਦਾ ਹੈ।]

ਜੀਤ ਸਿੰਘ : ਓ ਚਾਰਟਰ ਪਲੇਨ 'ਚ ਜੰਞ ਆਊਗੀ
ਤੇ ਚੌਪਰ 'ਚ ਖੜ੍ਹਾਂਗੇ ਡੋਲੀ
ਨੀ ਇਕ ਵਾਰੀ ਹਾਂ ਕਰ ਦੇ
ਚੱਲੂ ਵ੍ਹਾਈਆਂ ਦੀ ਥਾਂ ਗੋਲੀ
ਨੀ ਜੱਟ ਨੂੰ ਹਾਂ ਕਰ ਦੇ
ਚੱਲੂ ਵ੍ਹਾਈਆਂ ਦੀ ਥਾਂ ਗੋਲੀ

ਓਏ ਬੱਲੇ...ਬੱਲੇ...ਬੱਲੇ...ਬੱਲੇ...ਬੱਲੇ...! ਓਏ ਜੇ.ਬੀ. ਨਹੀਂ ਰੀਸਾਂ ਓ ਤੇਰੀਆਂ। ਲੈ ਮੁਖੜੇ 'ਚ ਜੱਟ ਵੀ ਫਿੱਟ ਹੋ ਗਿਆ ਤੇ ਗੋਲੀ ਵੀ...(ਸ਼ੀਸ਼ੇ 'ਚ ਆਪਣੇ ਅਕਸ ਨਾਲ ਖ਼ੁਸ਼ ਹੁੰਦੇ ਹੋਏ ਸ਼ੀਸ਼ੇ 'ਚ ਆਪਣੀ ਹੀ ਚੁੰਮੀ ਲੈ ਕੇ)...ਨਹੀਂ ਰੀਸਾਂ ਤੁਹਾਡੀਆਂ ਬਰੱਸਟ ਸਾਹਿਬ...ਨਹੀਂ ਰੀਸਾਂ...ਸਵਾ ਲੱਖ ਦਾ ਵਿਕੂ ਇਹ ਗੀਤ ਸਵਾ ਲੱਖ ਦਾ...

ਨੀ ਜੱਟ ਨੂੰ ਹਾਂ ਕਰ ਦੇ
ਚੱਲੂ ਵ੍ਹਾਈਆਂ ਦੀ ਥਾਂ ਗੋਲੀ...ਬੁ...ਰਾ...ਰਾ...ਰਾ...

*(ਹਲਕਾ ਜਿਹਾ ਲਲਕਾਰਾ ਮਾਰਦਾ ਹੈ।)*

ਸੰਤ ਕੌਰ : (ਹੈਰਾਨੀ ਨਾਲ) ਕੀ ਗੱਲ ਐ ਬਰੱਸਟ ਸਾਹਬ...ਅੱਜ ਸਵੇਰੇ ਸਵੇਰੇ

ਬੜੇ ਚਹਿਕ ਰਹੇ ਓ...ਮਾਰ ਇਸ ਮੋਏ ਸ਼ੀਸ਼ੇ 'ਤੇ ਹੀ ਇਸ਼ਕ ਛਾਂਟਿਆ ਜਾ ਰਿਹਾ ਏ...ਖ਼ੈਰ ਨਹੀਂ ਦੀਹਦੀ...? ਨਾ ਮੈਨੂੰ ਵੀ ਤੇ ਪਤਾ ਲੱਗੇ ਕਿ ਕਿਹੜਾ ਕਾਰੂ ਦਾ ਖ਼ਜ਼ਾਨਾ ਲੱਗ ਪਿਐ ਸਵੇਰੇ ਸਵੇਰੇ ਬਰੱਸਟ ਸਾਹਿਬ ਦੇ ਹੱਥ...ਲਲਕਾਰੇ ਪਏ ਵੱਜ ਰਹੇ ਨੇ...ਤੇ ਮੁਨੇਰੇ ਗਿਆਰਾਂ ਵਜੇ ਈ ਪੱਗੜ ਪਏ ਬੱਝ ਰਹੇ ਨੇ...? ਅੱਗੇ ਤੇ ਰੋਜ਼ ਰਾਤ ਦੋ-ਦੋ ਵਜੇ ਤਕ ਸ਼ਰਾਬਾਂ ਉੱਡਦੀਆਂ ਨੇ ਲੁੱਚ ਮੰਡਲੀ ਨਾਲ ਤੇ ਦੁਪਹਿਰੇ ਬਾਰਾਂ ਵਜੇ ਤੋਂ ਪਹਿਲਾਂ ਅੱਖ ਨਹੀਂ ਖੁੱਲ੍ਹੀ ਗੀਤਕਾਰ ਬਰੱਸਟ ਸਾਹਿਬ ਦੀ ਕਦੀ...ਅੱਜ ਕਿਹੜੀਆਂ ਮੁਹਿੰਮਾਂ 'ਤੇ ਕੂਚ ਕਰਨ ਵਾਲੀ ਏ ਸਰਕਾਰ ਮੇਰੀ...? ਕੁਝ ਮੈਨੂੰ ਵੀ ਤੇ ਪਤਾ ਲੱਗੇ...।

ਜੀਤ ਸਿੰਘ : ਬਸ ਤੇਰੇ 'ਚ ਆਹੋ ਇਕੋ ਭੈੜ ਆ ਸੰਤ ਕੌਰੇ..ਜਿਹੜਾ ਤੂੰ ਬੋਲਣ ਲੱਗੇ ਏ. ਕੇ. ਸੰਤਾਲੀ ਵਾਂਗ...ਤੜ-ਤੜ...ਤੜ-ਤੜ...ਤੜ-ਤੜ...ਪੂਰਾ ਬਰੱਸਟ ਖ਼ਾਲੀ ਕਰਕੇ ਸਾਹ ਲੈਨੀ ਏਂ...ਦਰਅਸਲ ਤਖ਼ੱਲੁਸ ਮੇਰਾ ਬਰੱਸਟ ਐ...ਤੇ ਏ. ਕੇ. ਸੰਤਾਲੀ ਤੂੰ ਐਂ ਪੂਰੀ...। ਲੈ ਜੇ ਮੂੰਹ ਤੇਰੇ ਦਾ ਮੈਗ਼ਜ਼ੀਨ ਪੂਰਾ ਖ਼ਾਲੀ ਹੋ ਈ ਗਿਐ ਤੇ ਸੁਣ ਜੱਟੀਏ...ਨਵੇਂ ਗੀਤ ਦਾ ਮੁਖੜਾ ਸੁਣ...।

*(ਕੰਨ 'ਤੇ ਹੱਥ ਧਰ ਕੇ ਗਲਾ ਸਾਫ਼ ਕਰਕੇ...।)*

ਓ...
ਚਾਰਟਰ ਪਲੇਨ 'ਤੇ ਜੰਞ ਆਊਗੀ
ਤੇ ਚੌਪਰ 'ਤੇ ਖੜ੍ਹਾਂਗੇ ਡੋਲੀ
ਨੀ ਇਕ ਵਾਰੀ ਹਾਂ ਕਰ ਦੇ
ਚੱਲੂ ਫ੍ਵਾਈਆਂ ਦੀ ਥਾਂ ਗੋਲੀ
ਨੀ ਜੱਟ ਨੂੰ ਹਾਂ ਕਰ ਦੇ
ਚੱਲੂ ਫ੍ਵਾਈਆਂ ਦੀ ਥਾਂ ਗੋਲੀ...।

*(ਆਖ਼ਰੀ ਲਾਈਨ 'ਤੇ ਪਹੁੰਚਦੇ ਪਹੁੰਚਦੇ ਸੰਤ ਕੌਰ ਨੂੰ ਚੁੱਕ ਕੇ ਭੁਵਾਟੜੀਆਂ ਦੇ ਦੇਂਦਾ ਹੈ।)*

ਕਿਉਂ ਹੈ ਨਾ ਸੁਪਰ ਹਿੱਟ ਗੀਤ...ਵੇਖੀਂ ਤੂੰ ਹੁਣ ਤਮਾਸ਼ਾ...ਤੂੰ ਵੇਖਦੀ ਜਾਵੀਂ...ਜੇਜੀ ਬੈਂਸ ਤੇ ਯੋ ਯੋ ਹਨੀ ਸਿੰਘ 'ਚ ਗੋਲੀਆਂ ਚੱਲਣਗੀਆਂ ਗੋਲੀਆਂ...ਜੇਜੀ ਨੇ ਕਹਿਣਾ ਏ ਮੈਂ ਗਾਉਣੈ, ਯੋ ਯੋ ਨੇ ਕਹਿਣਾ ਏ ਮੈਂ ਗਾਉਣੈ...ਤੇ ਆਪਾਂ, ਆਪਾਂ ਭਾਊ ਜੀ ਮਚਲੇ ਬਣ ਜਾਣੈ...ਉਹ ਆਂਹਦੇ ਨੇ ਨਾ ਅਖੇ ਜੱਟ ਮਚਲਾ ਖ਼ੁਦਾ ਨੂੰ ਲੈ ਗਏ ਚੋਰ...ਜਿਹੜਾ ਵੱਧ ਪੈਸੇ ਖਰਚੂ...ਗੀਤ ਉਹਦਾ...।



ਸੰਤ ਕੌਰ : ਹੇ ਖਾਂ...ਅਖੇ ਤੂੰ ਨਾ ਬਦਲਿਓਂ ਜੱਟਾ, ਜ਼ਮਾਨਾ ਬਦਲ ਗਿਆ। ਕਿਵੇਂ ਚਾਂਬਲ ਚੜ੍ਹੀ ਐ...? ਨਾ ਮੈਂ ਪੁੱਛਦੀ ਆਂ ਵੈਲ੍ਹੀਆ ਜੱਟਾ ਤੈਥੋਂ ਗੋਲੀਆਂ ਬੰਦੂਕਾਂ, ਅਸਲੇ ਬਾਰੂਦ, ਇਸ਼ਕ ਮੁਸ਼ਕ ਤੇ ਕਤਲੋਗਾਰਤ ਤੋਂ ਬਿਨਾਂ ਗੀਤ ਨਹੀਂ ਲਿਖ ਹੁੰਦਾ ਕੋਈ...?

ਜੀਤ ਸਿੰਘ : ਓ ਕਮਲੀਏ...ਕਮਲੀਏ...ਜੋ ਬਿਕਤਾ ਹੈ ਉਹੀ ਜੱਟ ਲਿਖਤਾ ਹੈ।

ਸੰਤ ਕੌਰ : ਵੇ ਅਕਲ ਨੂੰ ਹੱਥ ਮਾਰ ਰਤਾ...ਅਕਲ ਨੂੰ...। ਗੀਤ ਲਿਖਣੇ ਐਂ ਤੇ ਧਨੀ ਰਾਮ ਚਾਤ੍ਰਿਕ ਜਾਂ ਨੰਦ ਲਾਲ ਨੂਰਪੁਰੀ ਵਰਗੇ ਲਿਖੋ...।

ਜੀਤ ਸਿੰਘ : ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ...ਗੋਰੀ ਦੀਆਂ... ਗਲੀਆਂ ਦੇ ਵਿਚ ਡੰਡ ਪਾਉਂਦੀਆਂ ਗਈਆਂ...ਗੋਰੀ ਦੀਆਂ।

ਸੰਤ ਕੌਰ : ਹਾਂ...ਆਹੀਓ ਜਿਹੇ, ਸੁਚੱਜੇ ਗੀਤ...।

ਜੀਤ ਸਿੰਘ : ਨਾ ਮੈਂ ਪੁੱਛਦਾਂ ਮੂਰਖੇ...ਅੱਜ ਕੱਲ੍ਹ ਝਾਂਜਰਾਂ ਪਾਉਂਦਾ ਕੌਣ ਐ...ਮੋਏ ? ਅੱਜ ਕੱਲ੍ਹ ਤੇ ਚੱਲਦੈ...

ਨੀ ਟੈਟੂ ਤੇਰੇ ਲੱਕ ਦਾ
ਮੈਨੂੰ ਟੇਡਾ ਟੇਡਾ ਤੱਕਦਾ

ਜਾਂ ਚੱਲਦੇ...

ਮੈਂ ਜੱਟੀ ਰਫ਼ਲ ਵਰਗੀ
ਹਿੱਕ ਨਾਲ ਲਾਈ ਫਿਰਦਾ

ਸੰਤ ਕੌਰ : ਜਾਂ ਫਿਰ...ਮਿੱਤਰਾਂ ਨੂੰ ਸ਼ੌਕ ਗੋਲੀਆਂ ਚਲਾਉਣ ਦਾ...ਜੀ ਗੋਲੀਆਂ ਚਲਾਉਣ ਦਾ...ਏਹੋ ਨਾ ?

ਜੀਤ ਸਿੰਘ : ਬਿਲਕੁਲ ਬਿਲਕੁਲ...ਹੁਣ ਆਈਂ ਏ ਲੈਨ 'ਤੇ।

ਸੰਤ ਕੌਰ : ਹੇ ਖਾਂ ਰੋਂਦਾ ਗੀਤ ਲਿਖਣ ਨੂੰ...ਗੀਤ ਤੇ ਉਹ ਸੀ ਬਈ ਬੋਤਾ ਹੌਲੀ ਤੋਰ ਮਿੱਤਰਾ...ਵੇ ਮੇਰਾ ਨਰਮ ਕਾਲਜਾ ਧੜਕੇ।

ਜੀਤ ਸਿੰਘ : ਮਹਾਰਾਜ ਹੁਣ ਚੱਲਦੈ...

ਨੀ ਬਹਿ ਜਾ ਮੇਰੀ ਲੰਡੀ ਜੀਪ 'ਤੇ
ਤੈਨੂੰ ਚੰਨ ਦੀ ਮੈਂ ਸੈਰ ਕਰਾਵਾਂ
ਅੱਗੇ ਤੇਰੇ ਭਾਈ ਆਉਣ ਜੇ
ਨੀ ਮੈਂ ਗੋਲੀਆਂ ਦਾ ਮੀਂਹ ਵਰਸਾਵਾਂ...।

ਸੰਤ ਕੌਰ : ਨਾ ਮੈਂ ਪੁੱਛਦੀ ਆਂ...ਕੇਹੜੇ ਜੱਟਾਂ ਦੀ ਤਸਵੀਰ ਖਿੱਚ ਰਹੇ ਹੋ ਤੁਸੀਂ ਲੋਕ ਆਪਣੇ ਗੀਤਾਂ 'ਚ...ਜੱਟ ਨਾ ਹੋ 'ਗੇ ਸੁਲਤਾਨੇ ਡਾਕੂ ਹੋ 'ਗੇ

ਕੇ...। ਵੇ ਜੱਟਾਂ ਦੀ ਤੇ ਘੀਸੀ ਹੋਈ ਪਈ ਐ ਘੀਸੀ...।

ਜੀਤ ਸਿੰਘ : ਵੇਖ ਸੰਤ ਕੌਰੇ...ਆਹ ਵੇਖ...ਮੇਰੇ ਹੱਥ ਬੱਧੇ ਨੀ...ਐਵੇਂ ਸਵੇਰੇ-ਸਵੇਰੇ ਕਸ਼ੁਮਤ ਨਾ ਲਾਈ...ਨਾਲੇ ਮੇਰਾ ਲੜਨ ਦਾ ਮੂੜ ਨੀ ਮਾਸਾ ਵੀ...। ਅੰਦਰੋਂ ਸੋਫ਼ੇ ਤੋਂ ਔਹ ਫਾਈਲ ਪਈ ਐ ਨਾ ਪੀਲੀ...ਲਿਆ ਫੜ ਕੇ ਫਟਾ ਫਟ...ਪਹਿਲਾਂ ਹੀ ਦੇਰੀ ਹੋਈ ਪਈ ਐ...।

*(ਫੇਰ ਪੱਗ ਨੂੰ ਸ਼ੀਸ਼ੇ ਸਾਹਵੇਂ ਸੈੱਟ ਕਰਨ ਲੱਗਦਾ ਹੈ।)*

ਸੰਤ ਕੌਰ : (ਫਾਈਲ ਫੜਾਉਂਦੀ ਹੋਈ) ਵੈਸੇ ਬਰੱਸਟ ਸਾਹਬ...ਅੱਜ ਸਵੇਰੇ ਸਵੇਰੇ ਚੜ੍ਹਾਈ ਕਿਧਰ ਨੂੰ ਕੀਤੀ ਜਾ ਰਹੀ ਐ।

ਜੀਤ ਸਿੰਘ : ਡੀ.ਸੀ. ਕੇ ਸਾਥ ਮੀਟਿੰਗ ਐ ਆਪਣਾ ਬਰੱਸਟ ਸਾਹਿਬ ਦੀ...।

ਸੰਤ ਕੌਰ : ਪਰ ਕਾਹਤੋਂ ਬਰੱਸਟ ਸਾਹਿਬ...?

ਜੀਤ ਸਿੰਘ : ਲਾਇਸੈਂਸ...ਲਾਇਸੈਂਸ ਬਣਾਉਣ ਦੇ ਸਿਲਸਿਲੇ 'ਚ...।

ਸੰਤ ਕੌਰ : ਪ੍ਰਾਪਰਟੀ ਡੀਲਰਾਂ ਵਾਂਗ ਗੀਤਕਾਰੀ ਦਾ ਵੀ ਲਸੰਸ ਜ਼ਰੂਰੀ ਹੋ ਗਿਐ...?

ਜੀਤ ਸਿੰਘ : ਓਏ ਨਹੀਂ ਸ਼ੁਦੈਣੇ...ਪਿਸਤੌਲ ਦਾ ਲਾਇਸੈਂਸ ਬਣਵਾਉਣੈ...ਪਿਸਤੌਲ ਦਾ...। ਦੇਖ ਬਈ ਸੰਤ ਕੌਰੇ...ਆਪਾਂ ਤੇ ਭਾਈ ਐਵੇਂ ਭੋਲੇ ਭਾਅ ਈ ਜ਼ਿੰਦਗੀ ਲੰਘਾ ਦੇਣੀ ਸੀ...ਏਹ ਤੇ ਚਾਣਚੱਕ ਦਿਮਾਗ਼ ਕੰਮ ਕਰ ਗਿਆ ਬਰੱਸਟ ਸਾਹਬ ਦਾ...ਓਹ ਆਂਹਦੇ ਨੇ ਨਾ ਕਿ ਦੀਵੇ ਥੱਲੇ ਹਨੇਰਾ...ਓਹੀ ਗੱਲ ਹੋਈ ਪਈ ਸੀ ਆਪਣੇ ਨਾਲ...।

ਸੰਤ ਕੌਰ : ਮੈਂ ਕੁਝ ਸਮਝੀ ਨਹੀਂ ਬਰੱਸਟ ਸਾਹਬ...ਨਾ ਬੁਝਾਰਤਾਂ ਕੀ ਪਾਈ ਜਾਂਦੇ ਜੇ...ਖੁੱਲ੍ਹ ਕੇ ਦੱਸੋ ਹਾਂ ਗੱਲ...?

ਜੀਤ ਸਿੰਘ : ਵੇਖ ਸੰਤ ਕੌਰੇ...ਮੈਂ ਲਿਖ ਲਿਖ ਪਿਸਤੌਲਾਂ, ਬੰਦੂਕਾਂ ਤੇ ਗੋਲੇ ਬਾਰੂਦ ਦੇ ਗੀਤ ਅੱਧੇ ਪੰਜਾਬ ਨੂੰ ਹਥਿਆਰ ਚੁੱਕਾ ਦਿੱਤੇ...ਤੇ ਆਪਣੇ ਘਰ, ਆਪਣੇ ਘਰ ਕੁੱਤਾ ਮੋੜਨ ਨੂੰ ਸੋਟੀ ਤਕ ਨਹੀਂ...ਹੋਇਆ ਕਿ ਨਾ ਦੀਵੇ ਥੱਲੇ ਹਨੇਰਾ...ਸੋ ਬਰੱਸਟ ਸਾਹਬ ਨੇ ਸੋਚਿਆ ਕਿ ਕਿਉਂ ਨਾ ਲਾਇਸੈਂਸ ਬਣਵਾਇਆ ਜਾਵੇ ਤੇ ਇਕ ਪਿਸਤੌਲ ਖਰੀਦਿਆ ਜਾਵੇ...ਓਏ ਸ਼ਸਤਰਧਾਰੀ ਹੋਇਆ ਜਾਵੇ...ਫਿਰ ਫੀਲਿੰਗ ਈ ਘੈਂਟ ਹੋਊ ਵੇਖੀਂ...ਡੁੱਸ ਵੇਖੀਂ ਫੇਰ ਕਿਵੇਂ ਬੱਝਦੀ ਇਲਾਕੇ 'ਚ ਬਰੱਸਟ ਸਾਹਬ ਦੀ...। ਉਥੇ ਕੋਈ ਕੁੱਤਾ ਬਿੱਲਾ ਖੰਘ ਕੇ ਨਾ ਲੰਘੂ ਜੱਟ ਦੇ ਸਾਹਮਣਿਓਂ...ਜਦੋਂ ਡੱਬ 'ਚ ਹੋਇਆ ਪਿਸਤੌਲ ਤੇ ਉਹ ਵੀ ਲਸੈਂਸੀ...। ਨਾਲੇ ਆਪਣੀ ਵਿਧਵਾ ਭੈਣ ਦੇ ਉਸ ਕਮੀਨੇ ਜੇਠ ਅਜੈਬ ਸਹੁੰ ਨੂੰ ਵੀ ਤੇ ਠੰਡ ਪਾਉਣੀ ਏ ਕਿ ਨਹੀਂ...ਕਿਵੇਂ ਮੇਰੀ



ਵਿਧਵਾ ਭੈਣ ਤੇ ਇਕਲੌਤੇ ਪੁੱਤਰ ਪ੍ਰਿੰਸ ਨੂੰ ਉਂਗਲਾਂ 'ਤੇ ਨਚਾਈ ਫਿਰਦੈ ਉਹ ਜੈਬਾ...। ਪ੍ਰਿੰਸ ਦਾ ਸਿਰ 'ਤੇ ਪਿਉ ਨੀ, ਏਹਦਾ ਮਤਲਬ ਯਤੀਮ ਥੋੜੀ ਹੋ ਗਿਐ ਉਹ ਗ਼ਰੀਬ...। ਮੈਂ ਮਾਮਾ ਉਹਦਾ ਮਾਮਾ...ਵੇਖੂੰਗਾ ਕਿੱਦਾਂ ਮੇਰੇ ਪੁੱਤ ਪ੍ਰਿੰਸ ਦਾ ਹੱਕ ਘੁੱਟਦਾ ਏ ਕੋਈ... ਮੈਂ ਨਹੀਂ ਬਰਦਾਸ਼ਤ ਕਰ ਸਕਦਾ ਕਿ ਮੇਰੇ ਪੁੱਤਰਾਂ ਜਿਹੇ ਭਣੇਵੇਂ ਦੇ ਸਾਹ ਸੂਤੀ ਰੱਖੇ ਉਹ ਢਿੱਡਲ ਜਿਹਾ ਜੈਬਾ...ਉਹਦਾ ਤਾਇਆ।

ਸੰਤ ਕੌਰ : ਵੇ ਜਾ ਵੇ ਪਰ੍ਹਾਂ...ਤੇਰੇ ਦਿਮਾਗ਼ 'ਚ ਕੀੜਾ ਏ ਕੋਈ ਕੀੜਾ...ਭਾਅ ਅਜੈਬ ਸਹੁੰ ਦੁਸ਼ਮਣ ਥੋੜ੍ਹੀ ਏ ਕੋਈ ਪ੍ਰਿੰਸ ਤੇ ਗਿੰਦਰ ਦਾ....ਸਾਹੀਂ ਸਾਹ ਲੈਂਦੇ ਨੇ ਅਗਲੇ...ਕੱਲਾ ਕੱਲਾ ਪੁੱਤਰ ਏ ਉਸ ਘਰ ਦਾ ਪ੍ਰਿੰਸ...ਜੇ ਟੋਕਦੇ ਵੀ ਹੋਣਗੇ ਤੇ ਪ੍ਰਿੰਸ ਦੇ ਭਲੇ ਲਈ ਹੀ ਟੋਕਦੇ ਹੋਣਗੇ ਅਗਲੇ...।

ਜੀਤ ਸਿੰਘ : ਨਾ ਸੰਤ ਕੌਰੇ...ਤੂੰ ਘਰ ਵਾਲੀ ਮੇਰੀ ਏਂ ਕਿ ਜੈਬ ਸਿੰਘ ਦੀ...? ਘਰ ਦੀ ਤੂੰ ਮੇਰੀ ਏਂ ਤੇ ਵਕਾਲਤ ਜੈਬੇ ਦੀ ਕਰਨੀ ਏ ਪਈ...। ਜੈਬੇ ਦੀ ਅੱਖ ਪ੍ਰਿੰਸ ਦੇ ਹਿੱਸੇ ਆਉਂਦੇ ਚੌਂਹ ਕਿੱਲਿਆਂ 'ਤੇ ਐ...ਚੌਂਹ ਕਿੱਲਿਆਂ 'ਤੇ...ਅੱਗ ਦੇ ਭਾਅ ਏ ਜ਼ਮੀਨ...ਸ਼ਹਿਰ ਨਾਲ ਲੱਗਦੀ ਅੱਗ ਦੇ ਭਾਅ।

ਸੰਤ ਕੌਰ : ਵੇ ਜਾਹ ਪਰ੍ਹਾਂ...ਤੈਨੂੰ ਵਹਿਮ ਐ...ਵਹਿਮ। ਗਿੰਦਰ ਹਰ ਗੱਲ ਦੱਸਦੀ ਐ ਮੈਨੂੰ...ਗਿੰਦਰ ਤੇ ਤਰੀਫ਼ਾਂ ਨਹੀਂ ਕਰਦੀ ਥੱਕਦੀ ਆਪਣੇ ਜੇਠ ਜਠਾਣੀ ਦੀਆਂ...ਅਖੇ ਤੂੰ ਕੌਣ ਮੈਂ ਖਾਹਮਖਾਹ...ਗਿੰਦਰ ਦੇਵਤਾ ਦੱਸਦੀ ਐ ਆਪਣੇ ਜੇਠ ਨੂੰ ਦੇਵਤਾ।

ਜੀਤ ਸਿੰਘ : ਫੇਰ ਅਗਰਬੱਤੀਆਂ ਲਿਆ ਦੇਣਾ ਤੁਹਾਨੂੰ ਦੋਵਾਂ ਨੂੰ...ਧੂਪ ਬੱਤੀ ਕਰਿਆ ਕਰੋ ਸਵੇਰੇ ਸਵੱਖਤੇ ਉਸ ਢਿੱਡਲ ਜੈਬੇ ਦੀ...। ਉਦੋਂ ਪਤਾ ਲੱਗੂ ਜਦੋਂ ਅਗਲੇ ਦੋਹਾਂ ਮਾਂ-ਪੁੱਤਾਂ ਨੂੰ ਮੱਖਣ 'ਚੋ ਵਾਲ ਆਂਗੂੰ ਬਾਹਰ ਕੱਢ ਮਾਰਿਆ।

ਤੋਤੀ ਸਰਪੰਚ : (ਜੀਪ 'ਤੇ ਸਵਾਰ ਹੋ ਕੇ ਬੂਹੇ 'ਚ ਖੜ ਕੇ) ਓ ਜੀਤ ਸਿੰਆਂ ਤਿਆਰੀ ਐ...? ਭਾਈ ਮੈਂ ਤਾਂ ਫਸ ਗਿਆ ਸੀ ਕਸੂਤਾ ਈ...ਸੋਚਿਆ ਤੇਲ ਪਾਣੀ ਚੈੱਕ ਕਰਵਾ ਲਿਆਵਾਂ ਜੀਪ ਦਾ...ਉਹ ਘੈਂਟ ਮਿਸਤਰੀ ਗਿੱਲਾ ਈ ਪੀਹਣ ਪਾ ਕੇ ਬਹਿ ਗਿਆ...ਮਸਾਂ ਜਾਨ ਛੁਡਾ ਕੇ ਆਇਆਂ।

ਜੀਤ ਸਿੰਘ : ਓ ਯਾਰ ਤੋਤਾ ਸਿੰਆਂ ਤੈਨੂੰ ਯਾਰ ਐਨਾ ਵੀ ਪਤਾ ਨਹੀਂ...ਡੀ.ਸੀ. ਸਾਨੂੰ ਥੋੜ੍ਹਾ ਉਡੀਕੂ ਬਹਿ ਕੇ...ਅਗਲਾ ਭਾਵੇਂ ਜਾਂਦਿਆਂ ਨੂੰ ਨਿਕਲ

ਜਾਏ ਕਿਸੇ ਹੋਰ ਸਿੜੀ ਸਿਆਪੇ ਨੂੰ...ਚੱਲ ਹੁਣ ਵੱਟ ਸ਼ੂਟਾਂ...!

*(ਜੀਪ 'ਚ ਬਹਿੰਦਾ ਹੈ।)*

ਸੰਤ ਕੌਰ : ਗਿੰਦਰ ਵੱਲੋਂ ਹੋ ਆਇਓ ਆਉਂਦੀ ਵਾਰੀ...ਕਈ ਦਿਨਾਂ ਦੀ ਮਬੈਲ (ਮੋਬਾਇਲ) ਪਈ ਕਰਦੀ ਏ ਵਿਚਾਰੀ...।

ਜੀਤ ਸਿੰਘ : ਹਾਂ ਹਾਂ ਦੇਖਾਂਗਾ..ਕਿੰਨਾ ਕੁ ਟੈਮ ਲੱਗਦੈ ਕਚੈਹਰੀ...ਵਕਤ ਸਿਰ ਨਿਬੜ ਗਿਆ ਕੰਮ ਤੇ ਹੁੰਦੇ ਆਵਾਂਗੇ ਗਿੰਦਰ ਵੱਲ ਵੀ...। ਚੱਲ ਤੋਤਾ ਸਿਆਂ...ਖਿੱਚ ਦੇ ਸਪੀਟਾਂ...ਡੈੱਕ ਲਾ ਦਿਆਂ...।

*(ਜੀਪ ਵਿਚਲਾ ਡੈੱਕ ਲਾਉਂਦਾ ਹੈ। ਡੈੱਕ 'ਤੇ ਗੀਤ ਵੱਜ ਰਿਹਾ ਹੈ।)*

ਜਿਥੇ ਹੁੰਦੀ ਏ ਪਾਬੰਦੀ ਹਥਿਆਰ ਦੀ
ਨੀ ਓਥੇ ਜੱਟ ਫਾਇਰ ਕਰਦਾ...।

*(ਜੀਪ ਦੂਰ ਪਿੰਡੋਂ ਬਾਹਰ ਨਿਕਲ ਰਹੀ ਹੈ। ਸ਼ਹਿਰ ਦੀ ਸੜਕ 'ਤੇ ਦੌੜ ਰਹੀ ਹੈ। ਫਿਰ ਜੀਪ ਜ਼ਿਲ੍ਹਾ ਕਚਹਿਰੀਆਂ 'ਚ ਦਾਖ਼ਲ ਹੁੰਦੀ ਹੈ। ਇਹ ਸਾਰੇ ਦ੍ਰਿਸ਼ ਦਾ ਫਿਲਮਾਂਕਣ ਕਰਕੇ ਸਾਈਕਲੋਰਾਮਾ ਸਕਰੀਨ 'ਤੇ ਚਲਾਇਆ ਜਾ ਸਕਦਾ ਹੈ।)*



## ਸੀਨ ਦੂਸਰਾ

[ਜੀਤ ਸਿੰਘ ਬਰੱਸਟ ਡਿਪਟੀ ਕਮਿਸ਼ਨਰ ਸਾਹਿਬ ਦੇ ਦਫ਼ਤਰ 'ਚ ਬੈਠਾ ਹੈ। ਫਾਇਲ ਤੋਂ ਸਿਰ ਚੁੱਕ ਕੇ ਡੀ.ਸੀ. ਸਾਹਿਬਾ ਜੀਤ ਸਿੰਘ ਬਰੱਸਟ ਵੱਲ ਹੁੰਦੇ ਹੋਏ।]

ਡੀ.ਸੀ. : ਨਾਮ...?

ਜੀਤ ਸਿੰਘ : ਜੀ...ਜੀ...ਜੀਤ ਸਿੰਘ...।

ਡੀ.ਸੀ. : ਬਰੱਸਟ ?

ਜੀਤ ਸਿੰਘ : ਜੀ...ਜੀ...ਜੀ...।

ਡੀ.ਸੀ. : ਏਹ ਬਰੱਸਟ ਕਾਸਟ ਏ ਤੁਹਾਡੀ...।

ਜੀਤ ਸਿੰਘ : ਜੀ...ਜੀ...ਤਖ਼ੱਲੁਸ...ਤਖ਼ੱਲੁਸ ਏ ਮੇਰਾ...ਬਰੱਸਟ...ਜੀ ਬਰੱਸਟ...।

ਡੀ.ਸੀ. : ਕੀ ਕੰਮ ਕਰਦੇ ਹੋ ਤੁਸੀਂ ?

ਜੀਤ ਸਿੰਘ : ਜੀ...ਗੀਤ...ਗੀਤ ਲਿਖਦਾਂ...ਗੀਤਕਾਰ...ਗੀਤਕਾਰ ਹਾਂ ਜੀ ਮੈਂ...।

ਡੀ.ਸੀ. : ਹੂੰ ਗੀਤਕਾਰ ਹੋ ਤੁਸੀਂ...? ਗੀਤਕਾਰੀ ਕਰਦੇ ਹੋ...? ਗੀਤਕਾਰੀ ਲਈ ਤੇ ਕਲਮ ਚਾਹੀਦੀ ਹੁੰਦੀ ਏ...ਪਿਸਤੌਲ ਤੇ ਨਹੀਂ...। ਪਿਸਤੌਲ ਨਾਲ ਲਿਖਣਾ ਚਾਹੁੰਦੇ ਹੋ ਤੁਸੀਂ ਗੀਤ...?

ਜੀਤ ਸਿੰਘ : ਜੀ...ਜੀ...ਜੀ ਨਹੀਂ...ਜਨਾਬ ਮੈਂ ਸੂਬੇ ਦਾ ਨਾਮੀਂ ਬੰਦਾ...। ਯਾਨੀ ਨਾਮੀ ਗੀਤਕਾਰੀ ਹਾਂ...ਤੇ ਗੀਤਕਾਰੀ ਤੇ ਸਿਲਸਿਲੇ 'ਚ ਅਕਸਰ... ਬਾਹਰ ਅੰਦਰ ਜਾਣਾ ਪੈਂਦਾ ਏ ਜਨਾਬ।

ਡੀ.ਸੀ. : ਪਰ ਬਾਹਰ ਅੰਦਰ ਜਾਣ ਲਈ ਪਿਸਤੌਲ ਕਿਥੇ ਦਰਕਾਰ ਹੁੰਦੀ ਏ...? ਗੱਡੀ ਸ਼ੱਡੀ ਚਾਹੀਦੀ ਹੁੰਦੀ ਏ ਬਾਹਰ ਅੰਦਰ ਜਾਣ ਲਈ... ਉਹ ਤੇ ਹੋਵੇਗੀ ਤੁਹਾਡੇ ਕੋਲ...ਨਹੀਂ ਤੇ ਲੈ ਲਓ...ਉਹਦੇ ਲਈ ਡਰਾਈਵਿੰਗ ਲਾਇਸੈਂਸ ਦੀ ਲੋੜ ਹੁੰਦੀ ਏ...ਡਰਾਈਵਿੰਗ ਲਾਇਸੈਂਸ ਦੀ...। ਵੈਪਨ ਲਾਇਸੈਂਸ ਦੀ ਨਹੀਂ। ਉਹ ਤੇ ਹੋਵੇਗਾ ਈ ਤੁਹਾਡੇ ਕੋਲ...? ਨਹੀਂ ਤੇ ਮੈਂ ਡੀ.ਟੀ.ਓ. ਸਾਹਿਬ ਨੂੰ ਕਹਿ ਕੇ ਬਣਵਾ ਦੇਨੀ ਆਂ...ਡੀ.ਟੀ.ਓ. ਆਫ਼ਿਸ ਜਾਓ ਤੁਸੀਂ...।

ਜੀਤ ਸਿੰਘ : (ਸ਼ਰਮਿੰਦਗੀ 'ਚ ਮੁਸਕਰਾਉਂਦਾ ਹੋਇਆ) ਜੀ...ਜੀ...ਜੀ...ਹੈ ਜੀ, ਗੱਡੀ ਵੀ ਹੈ ਜੀ...ਤੇ ਲਾਇਸੈਂਸ ਵੀ...ਪਿਸਤੌਲ ਦਾ ਲਾਇਸੈਂਸ

ਚਾਹੀਦਾ ਹੈ ਜੀ...। ਜਨਾਬ ਬੇਨਤੀ ਏਹ ਹੈ ਜੀ ਕਿ ਮੈਂ ਮਸ਼ਹੂਰ ਬੰਦਾ...।

ਡੀ.ਸੀ. : ਦੁਸ਼ਮਣੀ ਵਗ਼ੈਰਾ ਹੈ ਕਿਸੇ ਨਾਲ...? ਖ਼ਤਰਾ ਹੈ ਜਾਨ ਮਾਲ ਦਾ ਕਿਸੇ ਤੋਂ...? ਨਾਮ ਲਿਖਾਓ ਉਸ ਦਾ ਜਿਸ ਤੋਂ ਖ਼ਤਰੈ...ਹੁਣੇ ਅੰਦਰ ਤੁੰਨਵਾ ਦੇਨੇ ਆਂ ਉਸ ਨੂੰ...ਖਾਹਮਖਾਹ ਹਥਿਆਰ ਚੁੱਕੀ ਫਿਰਨ ਦਾ ਕੀ ਮਤਲਬ ਐ...ਐ ਬਾਹਰ ਜਿਹੜੀ ਭੀੜ ਬੈਠੀ ਐ ਨਾ... ਮਿਸਟਰ, ਸਭ ਤੁਹਾਡੇ ਵਾਂਗ ਬੰਦੂਕਾਂ ਤੇ ਪਿਸਤੌਲਾਂ ਦੇ ਲਾਇਸੈਂਸ ਬਣਵਾਉਣ ਵਾਲੇ ਨੇ ਐ ਸਾਰੇ...ਪਿਸਤੌਲ ਦਾ ਮਤਲਬ ਹੁੰਦਾ ਏ ਹਥਿਆਰ...ਗੋਲੀ...ਗੋਲੀ ਦਾ ਮਤਲਬ ਹੁੰਦੈ ਬਾਰੂਦ...ਬਾਰੂਦ ਦਾ ਮਤਲਬ ਹੁੰਦੈ ਮੌਤ...ਤੇ ਮੌਤ ਦਾ ਮਤਲਬ ਹੁੰਦੈ ਲੌਕਅਪ...ਜੇਲ੍ਹ... ਫਾਂਸੀ...ਉਮਰ ਕੈਦ...। ਯਾਨਿ ਖ਼ੁਦ ਤਬਾਹ...ਅਗਲਾ ਤਬਾਹ ਤੇ ਦੋਹਾਂ ਧਿਰਾਂ ਦੇ ਅਗਲੇ ਪਿਛਲੇ ਵੀ ਤਬਾਹ...। ਹੁਣ ਤੇ ਜੇਲ੍ਹਾਂ ਵਿਚ ਵੀ ਥਾਂ ਨਹੀਂ ਬਚੀ ਜਨਾਬ...ਕੁਰਬਲ ਕੁਰਬਲ ਹੋਈ ਪਈ ਐ ਆਪਣੇ ਮੁਲਕ ਦੀਆਂ ਜੇਲ੍ਹਾਂ 'ਚ...।

ਦੇਖੋ ਮਿਸਟਰ...ਤੁਸੀਂ ਆਪ ਹੀ ਮੰਨਿਆ ਏ ਬਈ ਤੁਹਾਡੀ ਕਿਸੇ ਨਾਲ ਦੁਸ਼ਮਣੀ ਨਹੀਂ ਹੈ...ਤੁਹਾਨੂੰ ਕਿਸੇ ਤੋਂ ਖ਼ਤਰਾ ਵੀ ਨਹੀਂ ਐ...ਫਿਰ ਕਿਉਂ ਦਿੱਤਾ ਜਾਵੇ ਲਾਇਸੈਂਸ ਤੁਹਾਨੂੰ...? ਮੇਰੀ ਸਮਝ ਤੋਂ ਤੇ ਬਾਹਰ ਐ ਕਿ ਕਿਉਂ ਚਾਹੀਦਾ ਹੈ ਤੁਹਾਨੂੰ ਪਿਸਟਲ...? ਫਿਰ ਵੀ ਅਗਾਂਹ ਕਿਸੇ ਬਾਹਰੀ ਮੁਲਕ ਤੋਂ ਖ਼ਤਰਾ ਹੈ ਤੁਹਾਨੂੰ ਤਾਂ ਵੀ ਦੱਸ ਦਿਉ...ਲਾਇਸੈਂਸ ਤੇ ਫਿਰ ਵੀ ਤੁਹਾਨੂੰ ਨਹੀਂ ਲੋੜੀਂਦਾ... ਸਾਡੀਆਂ ਸਿਕਓਰਟੀ ਫੋਰਸਾਂ ਤਿਆਰ-ਬਰ-ਤਿਆਰ ਨੇ ਚੌਵੀ ਘੰਟੇ...ਚੱਤੋ ਪਹਿਰ...। ਪਲੀਜ਼ ਗੋ ਨਾਓ...ਕੋਈ ਨਹੀਂ ਵੇਖਦਾ ਤੁਹਾਡੀ ਵਾਅ ਵੱਲ...ਬਿਲਕੁਲ ਸੇਫ ਹੋ ਤੁਸੀਂ...ਪੂਰੀ ਤਰ੍ਹਾਂ... ਫਿਰ ਵੀ ਕਦੇ ਕੋਈ ਖ਼ਤਰਾ ਮਹਿਸੂਸ ਕਰੋ ਤੇ ਸਿੱਧਾ ਮੇਰੇ ਕੋਲ ਆ ਜਾਣਾ... ਸਿਕਓਰਟੀ ਪ੍ਰੋਵਾਈਡ ਕਰਵਾ ਦੇਵਾਂਗੀ...ਫਿਰ ਵੀ ਨਾ ਸਰਿਆ ਤੇ ਬੰਦ ਕਰਵਾ ਦਿਆਂਗੀ ਲੌਕਅਪ 'ਚ...ਆਰਾਮ ਨਾਲ ਗੀਤ ਲਿਖਿਓ ਬੈਠ ਕੇ ਜੇਲ੍ਹ 'ਚ...ਓ.ਕੇ...?

*(ਬੈੱਲ 'ਤੇ ਹੱਥ ਰੱਖ ਕੇ...ਨੈਕਸਟ...ਜੀਤ ਸਿੰਘ ਵੱਲ ਉਸ ਦੀ ਫਾਈਲ ਸੁੱਟਦੀ ਹੈ। ਜੀਤ ਸਿੰਘ ਸ਼ਰਮਿੰਦਗੀ 'ਚ ਸਿਰ ਝੁਕਾਈ ਡੀ.ਸੀ. ਦਫ਼ਤਰ 'ਚੋਂ ਬਾਹਰ ਨਿਕਲ ਆਉਂਦਾ ਹੈ।)*



## ਤੀਸਰਾ ਸੀਨ

[ਸ਼ਹਿਰ ਦੇ ਸ਼ਰਾਬਖਾਨੇ 'ਚ ਤੋਤੀ ਸਰਪੰਚ ਤੇ ਜੀਤ ਸਿੰਘ ਬਰੱਸਟ ਬੈਠੇ ਸ਼ਰਾਬ ਪੀ ਰਹੇ ਹਨ। ਬੈਹਰਾ ਭੁਜੀਆ ਦੇ ਕੇ ਜਾਂਦਾ ਹੈ। ਜੀਤ ਸਿੰਘ ਪੈੱਗ ਇਕਦਮ ਅੰਦਰ ਸੁੱਟਦਾ ਹੋਇਆ।]

ਜੀਤ ਸਿੰਘ : ਲਾਹਨਤ ਐ ਮੇਰੀ ਸਰਦਾਰੀ 'ਤੇ...ਤੇ ਲਾਹਨਤ ਐ ਮੇਰੀ ਗੀਤਕਾਰੀ 'ਤੇ...ਤੇ ਤੋਤੀ ਸਿਆਂ ਮੈਂ ਤੇ ਕਹਾਂਗਾ ਲਾਹਨਤ ਐ ਤੇਰੀ ਸਰਪੰਚੀ 'ਤੇ ਵੀ...। ਮੇਰਾ ਜੀਅ ਕਰਦੈ...ਮੇਰਾ ਜੀਅ ਕਰਦੈ ਕਿਸੇ ਖੂਹ 'ਚ ਛਾਲ ਮਾਰ ਦਿਆਂ ਜਾ ਕੇ...ਏਨੀ ਬੇਇਜ਼ਤੀ...ਏਨੀ ਬੇਇਜ਼ਤੀ...ਓਏ ਤੋਤੀ ਏਨੀ ਬੇਇਜ਼ਤੀ ਤੇ ਕਿਸੇ ਕੁੱਤੇ ਦੀ ਵੀ ਹੋਈ ਹੋਵੇ ਨਾ...ਤੇ ਖ਼ੁਦਕੁਸ਼ੀ ਕਰ ਲਏ ਕੁਝ ਖਾ ਕੇ...। ਮੈਂ...ਮੈਂ ਆਪਣੀਆਂ ਦੋਹਾਂ ਧੀਆਂ...ਦੋਹਾਂ ਸੋਨਾ ਮੋਨਾ ਨੂੰ ਡੀ.ਸੀ. ਬਣਾਊਂ...ਡੀ.ਸੀ.। ਹੱਦ ਹੋ ਗਈ ਯਾਰੋ...ਹੱਦ ਹੋ ਗਈ...ਮੈਂ...ਮੈਂ ਉਸ ਬੰਦੀ ਨੂੰ ਦੱਸਿਆ ਵੀ ਬਈ ਮੈਂ ਨਾਮੀ ਗੀਤਕਾਰ ਆਂ...ਬਾਹਰ ਅੰਦਰ ਜਾਣਾ ਆਉਣਾ ਪੈਂਦਾ ਏ...ਸੌ ਮੰਦੇ ਚੰਗੇ ਬੰਦੇ ਨਾਲ ਵਾਹ ਪੈਂਦਾ ਏ ਮੇਰਾ...ਮੇਰੇ...ਮੇਰੇ ਮੂੰਹ 'ਤੇ ਮਾਰੀ ਫਾਈਲ ਚੁੱਕ ਕੇ ਸੌਹਰੀ ਦੀ ਨੇ...ਏਨਾ ਹੰਕਾਰ...ਏਨਾ ਹੰਕਾਰ...ਹੱਦ ਹੋ ਗਈ ਯਾਰੋ...। (ਇਕ ਹੋਰ ਪੈੱਗ ਨੀਟ ਹੀ ਅੰਦਰ ਸੁੱਟ ਕੇ) ਵੇਖ ਤੋਤਾ ਸਿਆਂ..ਹਥਿਆਰ ਦਾ ਲਾਇਸੈਂਸ ਬਣਾਉਣਾ ਤੇ ਹਥਿਆਰ ਲੈਣਾ ਹੁਣ ਜੱਟ ਦੀ ਮੁੱਛ ਦਾ ਸਵਾਲ ਬਣ ਗਿਆ ਏ...ਮੁੱਛ ਦਾ ਸਵਾਲ...ਓਏ ਮੈਂ ਸੂਬੇ ਦਾ ਕਹਿੰਦਾ ਕਹਾਉਂਦਾ ਗੀਤਕਾਰ...ਸਵਾ-ਸਵਾ ਲੱਖ ਦਾ ਜਾਂਦਾ ਏ ਮੇਰਾ ਇਕ-ਇਕ ਗੀਤ...ਤੇ ਓਸ...ਓਸ ਟੱਗੇ ਦੀ ਡੀ.ਸੀ. ਨੇ ਮੇਰੀ ਇੱਜ਼ਤ ਦਾ ਜਨਾਜ਼ਾ ਕੱਢ ਦਿੱਤਾ...ਜਨਾਜ਼ਾ...। ਹਾਏ ਓਏ, ਮੈਨੂੰ ਚੁੱਕ ਲੈ ਓਏ ਮੇਰਿਆ ਰੱਬਾ...ਭਿਉਂ-ਭਿਉਂ ਕੇ ਛਿੱਤਰਾਂ ਵਾਂਗ ਮਾਰੇ ਜੁਮਲੇ ਮੇਰੇ ਸਿਰ 'ਚ...। ਕਹਿੰਦੀ ਗੀਤਕਾਰ ਹੋ ਤੇ ਪੈੱਨ ਲਓ...ਪਿਸਤੌਲ ਨਾਲ ਲਿਖਣੇ ਗੀਤ ਤੁਸਾਂ...ਬਾਹਰ ਅੰਦਰ ਜਾਂਦੇ ਹੋ ਤੇ ਗੱਡੀ ਚਲਾਉਣ ਦਾ ਲਾਇਸੈਂਸ ਲਵੋ ਨਾ...ਹੋਰ ਪਤਾ ਨਹੀਂ ਕੀ ਕੀ...ਓਏ ਮੈਨੂੰ ਖੂਹ ਟੋਬਾ ਦੱਸ ਤੋਤੀ ਕੋਈ...ਮੈਂ ਛਾਲ ਮਾਰਾਂ ਉਹਦੇ 'ਚ ਤੋਤੀ ਸਿਆਂ...ਕਹਿੰਦੀ

ਕਿਸੇ ਤੋਂ ਖ਼ਤਰੈ ਤੇ ਸਿਕਿਓਰਟੀ ਦਵਾ ਦੇਨੀ ਆਂ...ਫਿਰ ਵੀ ਖ਼ਤਰਾ ਏ ਤੇ ਅੰਦਰ ਕਰਵਾ ਦੇਨੀ ਆਂ...ਜੇਲ੍ਹ 'ਚ ਬਹਿ ਕੇ ਆਰਾਮ ਨਾਲ ਲਿਖਿਓ ਗੀਤ...ਹਾਏ ਓਏ ਮੇਰਿਆ ਰੱਬਾ...ਏਨੀ ਬੇਇੱਜ਼ਤੀ...ਏਨੀ ਬੇਇਜ਼ਤੀ...(ਰੋਂਦਾ ਹੈ)।

ਤੋਤੀ ਸਰਪੰਚ : (ਹੌਸਲਾ ਦੇਂਦਾ ਹੋਇਆ) ਓਏ ਹੌਸਲਾ ਰੱਖੋ ਬਰੱਸਟ ਸਾਹਬ ਹੌਸਲਾ... ਓਏ ਤੂੰ ਤੇ ਬੁੱਢੀਆਂ ਵਾਂਗ ਵੈਣ ਹੀ ਪਾਈ ਜਾ ਰਿਹਾ ਏਂ ਯਾਰਾ... ਮੈਂ ਪੁੱਛਦਾਂ ਕਿਹੜੀ ਬੇਇਜ਼ਤੀ...ਕਾਹਦੀ ਬੇਇਜ਼ਤੀ...ਓਏ ਬੰਦਿਆ ਰੱਬ ਦਿਆ ਬੇਇਜ਼ਤੀ ਉਹ ਹੁੰਦੀ ਐ ਜਿਹੜੀ ਕਿਸੇ ਦੇ ਸਾਹਮਣੇ ਹੋਈ ਹੋਵੇ...ਬੰਦ ਕਮਰੇ 'ਚ ਕੀ ਹੋਇਆ...ਕੀ ਨਹੀਂ ਹੋਇਆ...ਮੋਏ ਜਾਣਦੇ ਨੇ ਯਾਰ...। ਬੰਦ ਕਮਰੇ 'ਚ ਦੱਸ ਕੇਹੜੇ ਰਾਠ ਦੀ ਬੇਇਜ਼ਤੀ ਨਹੀਂ ਹੋਈ ਅੱਜ ਤਕ...ਨਾਲੇ ਉਹਨੇ ਡੀ.ਸੀ. ਨੇ ਬੇਇਜ਼ਤੀ ਕੀਤੀ... ਤੇਰੀ ਬੇਇਜ਼ਤੀ ਹੋਈ...ਕਿਸੇ ਤੀਜੇ ਨੂੰ ਕੀ ਏਹਦੇ ਨਾਲ...ਲੈ ਮੈਨੂੰ ਵੀ ਪਤਾ ਨਹੀਂ ਕਿ ਤੇਰੀ ਬੇਇਜ਼ਤੀ ਹੋਈ...ਬਸ...ਹੁਣ ਖ਼ੁਸ਼...। ਮੁੱਠ ਰੱਖ ਮੁੱਠ...ਜੱਟ ਬਣ ਜੱਟ...ਐਧਰ ਵੇਖ ਮੇਰੇ ਵੱਲ...ਬੰਦ ਕਮਰੇ 'ਚ ਤੇਰੀ ਭਰਜਾਈ ਮੈਨੂੰ ਛਿੱਤਰੀ ਦੈਂਹਬੜ ਲਾ ਲੈਂਦੀ ਏ ਪੀਤੀ ਖਾਧੀ 'ਚ...ਮੋਇਆਂ ਨੂੰ ਪਤੈ...। ਮੈਨੂੰ ਪਤੈ ਜਾਂ ਤੇਰੀ ਭਾਬੀ ਨੂੰ...। ਨਾਲੇ ਬੇਇਜ਼ਤੀ ਕਿਹੜੀ ਬੰਦੇ ਕੀਤੀ ਐ ਤੇਰੀ...ਜ਼ਨਾਨੀ ਤੋਂ ਹੀ ਹੋਈ ਐ ਨਾ...ਉਹ ਕੇਹੜਾ ਖੱਬੀ ਖਾਨ ਐ ਜਿੰਨੇ ਜ਼ਨਾਨੀ ਤੋਂ ਬੇਇਜ਼ਤੀ ਨਹੀਂ ਕਰਵਾਈ ਅੱਜ ਤਕ...ਲੋਕ ਆਪਣੀ ਤੋਂ ਨਿੱਤ ਕਰਵਾਉਂਦੇ ਨੇ...ਤੂੰ ਕਿਸੇ ਦੀ ਤੋਂ ਕਰਵਾ ਲਈ...ਫਰਕ ਤੇ ਬਸ ਏਨਾ ਈ ਐ...। ਸ਼ੇਰ ਬਣ ਸ਼ੇਰ...ਆਪਾਂ ਲਾਉਨੈ ਆਂ ਕੋਈ ਜੁਗਾੜ...ਓਏ ਏਹ ਹਿੰਦੁਸਤਾਨ ਐ ਮਹਾਰਾਜ ਹਿੰਦੋਸਤਾਨ...ਕੀ ਨੀ ਹੋ ਸਕਦਾ ਏਥੇ...? ਆਪਾਂ ਕਿਸੇ ਮੰਤਰੀ ਸੰਤਰੀ ਨੂੰ ਫੜਦੇ ਆਂ ਯਾਰ...ਕਿੱਡਾ ਕੁ ਕੰਮ ਐ...? ਹਾਂ, ਸੱਚ ਯਾਦ ਆਇਆ...। ਆਪਣਾ ਅਜੈਬ ਸੂੰ ਨੀ...ਗਿੰਦਰ ਦਾ ਜੇਠ...?

ਜੀਤ ਸਿੰਘ : ਜੈਬਾ...? ਢਿੱਡਲ...?

ਤੋਤੀ ਸਰਪੰਚ : ਹਾਂ ਓਹੀਓ...।

ਜੀਤ ਸਿੰਘ : ਹੂੰ...।

ਤੋਤੀ ਸਰਪੰਚ : ਓਏ ਘਰ ਤੇਰੇ 'ਚ ਗੰਗਾ ਵਗਦੀ ਐ ਤੇ ਤੂੰ ਸੁੱਕੇ ਟੋਬਿਆਂ 'ਚੋਂ ਗੋਡੇ ਛਿਲਵਾਂਦਾ ਫਿਰਦੈਂ...। ਓ ਭਾਈਜਾਨ ਅਜੈਬ ਸਹੁੰ ਦਾ ਜਮਾਤੀ ਐ ਨਿਰਵੈਰ ਸੂੰ ਖਾਲਸਾ ਐੱਮ.ਐੱਲ.ਏ. ਕੈਬਨਿਟ ਮੰਤਰੀ। ਯਾਨਿ



ਡਿਪਟੀ ਸੀ.ਐੱਮ. ਦੀ ਮੁੱਛ ਦਾ ਵਾਲ...। ਉਹਨੂੰ ਫੜਦੇ ਆਂ ਜਾ ਕੇ...ਅਜੈਬ ਸੂੰ ਨਾਲ ਬੜੀ ਬਣਦੀ ਐ ਐੱਮ.ਐੱਲ.ਏ. ਦੀ...ਤੂੰ ਫ਼ੋਨ ਮਿਲਾ ਤਾਂ ਜੈਬ ਸੂੰ ਨੂੰ...।

ਜੀਤ ਸਿੰਘ : ਤੂੰ ਵੀ ਕਮਲ ਘੋਟਦਾ ਏ ਯਾਰਾ...ਉਏ ਉਹਨੂੰ ਜੈਬ ਸੂੰ ਨੂੰ ਠੰਡ ਪਾਉਣ ਲਈ ਤੇ ਮੈਂ ਹਥਿਆਰ ਲੈਣਾ ਏ ਤੋਤੀ...ਤੇ ਤੂੰ ਉਹਦੀਆਂ ਹੀ ਟੰਗਾਂ ਹੇਠੋਂ ਕੱਢਣ ਦੀ ਗੱਲ ਕਰੀ ਜਾਨੈਂ...ਕਮਾਲ ਐ ਯਾਰ... ਅਗਲਾ ਤੀਜੇ ਦਿਨ ਗਿੰਦਰ ਤੇ ਪ੍ਰਿੰਸ ਨੂੰ ਟਕੋਰ ਲਾ ਦੇਂਦਾ ਏ ਕੋਈ ਨਾ ਕੋਈ...ਉਹਦੇ ਤੋਂ ਮੰਤਰੀ ਨੂੰ ਸਿਫਾਰਸ਼ ਲਵਾ ਕੇ ਮੇਰੀ ਰਹਿੰਦੀ ਖੂੰਹਦੀ ਇੱਜ਼ਤ ਦਾ ਵੀ ਫਲੂਦਾ ਕਰਵਾਉਣੈ ਤੈਂ ? ਤੂੰ ਵੀ ਢੇਕੀਆਂ ਈ ਰੇੜਦਾ ਏਂ...ਲਾ ਕੇ ਚਾਰ ਕੁ ਪੈੱਗ ਤੋਤਾ ਸਿੰਆਂ।

ਤੋਤੀ ਸਰਪੰਚ : ਸਿਆਸਤ...ਸਿਆਸਤ ਵਰਤ ਥੋੜ੍ਹੀ ਬਹੁਤੀ...ਹੂੜ ਮੱਤੀ ਨਾਲ ਕੰਮ ਨਹੀਂ ਚੱਲਦੇ...ਅੱਜ ਕੱਲ੍ਹ ਜੀਤ ਸਿਆਂ...ਮੰਤਰੀ ਨਿਰਵੈਰ ਸੂੰ ਅਜ਼ੈਬੇ ਦਾ ਜਮਾਤੀ ਐ...ਇਕੱਠੇ ਪੜ੍ਹੇ ਐ ਅਗਲੇ ਇਕੋ ਕਾਲਜੋਂ...ਆਪਾਂ ਜੈਬੇ ਰਾਹੀਂ ਕੰਮ ਕਰਵਾਈਏ ਮਿੱਠੇ ਬਣ ਕੇ...ਉਹਦੇ ਨਾਲ ਕਿੜ ਬਾਅਦ 'ਚ ਨਿਕਲ ਜਾਊ ਕਦੀ। ਲੜਾਈ ਝਗੜੇ ਦਾ ਕੀ ਆ...? ਅਖੇ ਤੂੰ ਆਟਾ ਗੁੰਨ੍ਹਦੀ ਹਿੱਲਦੀ ਐਂ...ਜਾਂ ਰੋਟੀ ਖਾਂਦਿਆਂ ਤੇਰੀਆਂ ਮੁੱਛਾਂ ਹਿੱਲਦੀਆਂ ਐ...ਬਸ ਹੋਗੀ ਲੜਾਈ ਸ਼ੁਰੂ। ਲੜਾਈ ਤਾਂ ਏਨੇ ਨਾਲ ਹੋ ਜਾਂਦੀ ਐ...ਜਦੋਂ ਮਰਜ਼ੀ ਕਰ ਲੀ ਪਿਸਤੌਲ ਲੈਣ ਤੋਂ ਬਾਅਦ ਜੈਬੇ ਨਾਲ...ਹਾਲ ਦੀ ਘੜੀ ਰਾਜਨੀਤੀ ਵਰਤ ਰਾਜਨੀਤੀ...ਵੈਸੇ ਜਿਥੋਂ ਤਕ ਮੇਰਾ ਖ਼ਿਆਲ ਆ ਜੈਬਾ ਮਾੜਾ ਬੰਦਾ ਨਹੀਂ...ਤੈਨੂੰ ਕੁਝ ਵਹਿਮ ਵੀ ਆ...ਤੈਨੂੰ ਏਹੋ ਲੱਗਦੈ ਕਿ ਉਹ ਤੇਰੀ ਭੈਣ ਭਣੇਵੇਂ ਨਾਲ ਧੱਕਾ ਕਰਦਾ ਏ। ਓਏ ਭਿੰਦਰ ਤੇਰਾ ਭਣਵਈਆ ਸੀ ਤੇ ਉਹਦਾ ਵੀ ਤੇ ਭਰਾ ਸੀ...ਕਿ ਪ੍ਰਿੰਸ ਉਹਦਾ ਵੀ ਪੁੱਤ ਨਹੀਂ ਲੱਗਦਾ...? ਟੋਕਦਾ ਈ ਐ ਨਾ ਪ੍ਰਿੰਸ ਨੂੰ ਮਾੜੇ ਚੰਗੇ ਨੂੰ ਮਿਲਣੋਂ। ਬੁਰਾ ਕੀ ਕਰਦੈ ਏਹਦੇ 'ਚ ਜੈਬਾ...? ਆਖ਼ਿਰ ਤਾਇਆ ਏ ਉਹ ਪ੍ਰਿੰਸ ਦਾ...ਪਿਓਆਂ ਬੱਜਾ ਐ...ਦੱਸ ਮੇਰਾ ਉਹਦਾ ਕੀ ਨਾਤਾ ਐ ਭਲਾ...ਮਾਰ ਜੀਅ ਜੀਅ ਕਰਦੈ ਉਹ ਮੈਨੂੰ...ਕੰਮ ਕਢਾਉਣ ਦੀ ਕਰ ਆਪਣਾ...ਕੰਮ ਕਢਾਉਣ ਦੀ...।

ਜੀਤ ਸਿੰਘ : ਹੂੰ ਠੀਕ ਐ...ਚੱਲੀਏ ਹੁਣ...?

ਤੋਤੀ ਸਰਪੰਚ : ਗਿੰਦਰ ਅੱਲ ਚੱਲਨੈ ਫਿਰ...ਨਾਲੇ ਤੱਤੇ ਧਾਅ ਗੱਲ ਹੋ ਜੂ...ਅਜੈਬ ਸੂੰ ਨਾਲ।

ਜੀਤ ਸਿੰਘ : ਹੂੰ...(ਸਹਿਮਤ ਹੁੰਦਾ ਹੈ) ਹੋ ਜਾਨੇ ਆ ਘੜੀ ਕੁ...ਸੰਤੋ ਆਂਹਦੀ ਸੀ...ਜ਼ਰੂਰੀ ਕੰਮ ਐ ਗਿੰਦਰ ਨੂੰ ਵੀ...ਹੋ ਕੇ ਆਇਓ...।

ਤੋਤੀ ਸਰਪੰਚ : ਮੋਬਾਇਲ ਠੋਕ ਫੇਰ ਜ਼ਰਾ ਅਜੈਬ ਸੂੰ ਨੂੰ...ਕਿਸੇ ਕੁਕੜ ਕੁਕੜੀ ਨੂੰ ਝਟਕਾ ਲੈਣਗੇ ਜਾਂਦਿਆਂ ਨੂੰ...ਪੌਣੀ ਪੌਣੀ ਬੋਤਲ ਦਾ ਨੌਣ ਕਰਕੇ ਹੁਣ ਰੋਟੀ ਮੂੰਗੀ ਦੀ ਦਾਲ ਨਾਲ ਡੱਫਣੀ ਐ ਜਾ ਕੇ...?

ਜੀਤ ਸਿੰਘ : (ਫ਼ੋਨ ਕਰਨ ਲੱਗਦੈ...ਫੇਰ ਰੁਕ ਕੇ) ਚੱਲ ਚਿੱਲੀ ਚਿਕਨ ਲੈ ਚਲਦੇ ਆਂ ਬਾਹਰੋਂ ਪੈਕ ਕਰਵਾ ਕੇ...ਉਨ੍ਹਾਂ ਨੂੰ ਕੀ ਕੁਵੇਲੇ ਵਖ਼ਤ ਪਾਉਣੈ... ਨਾਲੇ ਪ੍ਰਿੰਸ ਬੜਾ ਖ਼ੁਸ਼ ਹੋ ਕੇ ਖਾਂਦੈ ਚਿੱਲੀ ਚਿਕਨ...ਚੱਲ ਫਿਰ ਨਿਕਲਣ ਦੀ ਕਰ...ਵਾਪਸੀ ਔਖੀ ਹੋ ਜੂ ਨਹੀਂ ਤੇ ਫਿਰ ਪਿੰਡ ਨੂੰ...।

*(ਆਖ਼ਰੀ ਪੈੱਗ ਚੁੱਕਦੇ ਹਨ। ਬਾਕੀ ਬਚੀ ਬੋਤਲ ਕੱਛੇ ਮਾਰ ਕੇ ਨਿਕਲ ਪੈਂਦੇ ਹਨ। ਫੇਡ ਆਊਟ ਹੁੰਦੀ ਹੈ। ਪਰਦੇ ਤੇ ਜੀਪ ਰਾਤ ਨੂੰ ਸ਼ਹਿਰ 'ਚ ਦੌੜ ਰਹੀ ਹੈ। ਤੇ ਇਕ ਸੋਹਣੇ ਘਰ ਸਾਹਵੇਂ ਰੁਕਦੀ ਹੈ।)*



## ਚੌਥਾ ਸੀਨ

[ਅਜੈਬ ਸਿੰਘ ਦਾ ਸ਼ਹਿਰੀ ਘਰ। ਅਜੈਬ ਸਿੰਘ ਵੱਲੋਂ ਜੀਤ ਸਿੰਘ ਬਰੱਸਟ ਤੇ ਤੋਤਾ ਸਿੰਘ ਸਰਪੰਚ ਦਾ ਸੁਆਗਤ ਕੀਤਾ ਜਾ ਰਿਹਾ ਹੈ।]

ਅਜੈਬ ਸਿੰਘ : ਓ ਬੱਲੇ ਬੱਲੇ ਬੱਲੇ...ਓ ਗਿੰਦਰ ਤੇਲ ਸ਼ੇਲ ਚੋਵੋ ਆ ਕੇ ਬੇਟਾ, ਦੇਖ ਤੇਰਾ ਵੀਰ ਆਇਆ ਏ...।

ਜੀਤ ਸਿੰਘ : ਭਾਊ ਜੇ ਏਦਾਂ ਬੇਇਜ਼ਤੀ ਹੀ ਕਰਨੀ ਏ ਤਾਂ ਆਪਾਂ ਵਾਪਸ ਚਲੇ ਜਾਨੇ ਆਂ...(ਸਾਰੇ ਹੱਸ ਹੱਸ ਗਲੇ ਮਿਲਦੇ ਹਨ।)

ਅਜੈਬ ਸਿੰਘ : ਓ ਯਾਰਾ ਤੂੰ ਤੇ ਈਦ ਦਾ ਚੰਨ ਹੀ ਹੋ ਗਿਐ...ਜੀਤ ਸਿਆਂ ਟੀ.ਵੀ. ਸ਼ੀ.ਵੀ. 'ਤੇ ਈ ਦਰਸ਼ਨ ਪਰਸਨ ਹੁੰਦੇ ਐ ਤੇਰੇ ਅੱਜ ਕੱਲ੍ਹ...ਤੂੰ ਤਾਂ ਭਾਊ ਬਾਹਲਾ ਈ ਵੱਡਾ ਬੰਦਾ ਹੋ ਗਿਆ ਏ...ਮਾਰ ਪੀ.ਟੀ.ਸੀ. ਐਵਾਰਡ ਤੇ ਹੋਰ ਪਤਾ ਨਹੀਂ ਕੇਹੜੇ ਕੇਹੜੇ...ਗਿੰਦਰ ਕਈ ਦਿਨਾਂ ਤੋਂ ਫ਼ੋਨ ਕਰਦੀ ਰਹੀ ਤੁਹਾਨੂੰ...ਫਿਰ ਮੈਂ ਹੀ ਕਿਹਾ ਸੰਤ ਕੌਰ ਨੂੰ ਮੋਬਾਇਲ ਕਰ ਆਪਣੀ ਭਾਬੋ ਨੂੰ...ਕੰਨ ਮਰੋੜ ਦੂ ਤੇਰੇ ਭਾਈ ਦੇ... ਉਹ ਭਾਊ ਪ੍ਰਧਾਨ ਮੰਤਰੀ ਸਿੱਧਾ ਫ਼ੋਨ ਥੋੜ੍ਹੀ ਚੁੱਕਦੇ ਹੁੰਦੇ ਐ...ਫ਼ੋਨ ਕਰੋ ਤੇ ਗ੍ਰਹਿ ਮੰਤਰੀ ਨੂੰ ਕਰੋ...ਆਪੇ ਕਾਰਵਾਈ ਕਰੂ ਅਗਲੀ...(ਫਿਰ ਸਾਰੇ ਹੱਸਦੇ ਹਨ।)

ਜੀਤ ਸਿੰਘ : ਗਿੰਦਰ...ਬੇਟਾ ਅੱਜ ਭਾਊ ਸਾਡਾ ਲੱਗਦੈ ਆਪਣਾ ਕੋਟਾ ਲਾਅ ਚੁੱਕੈ...ਪੀਤੀ ਸਾਡੇ 'ਤੇ ਈ ਖੇੜੂ ਅੱਜ...(ਗਿੰਦਰ ਨੂੰ ਪਿਆਰ ਦੇਂਦਾ ਹੈ।)

ਤੋਤੀ ਸਰਪੰਚ : (ਹਥਲਾ ਲਿਫ਼ਾਫ਼ਾ ਗਿੰਦਰ ਨੂੰ ਫੜਾ, ਸਿਰ 'ਤੇ ਪਿਆਰ ਦੇਂਦਾ ਹੋਇਆ) ਗਿੰਦਰ ਭੈਣੇ...ਆਹ ਲੈ ਚਿੱਲੀ ਚਿਕਨ...ਤੇ ਫਟਾ ਫਟ ਸਾਡੇ ਮੂੰਹ ਨੂੰ ਕੁਝ ਰੋਟੀ ਸ਼ੋਟੀ ਨਾਲ ਬੰਦ ਕਰ ਦਿਓ ਨਹੀਂ ਤੇ ਖ਼ੈਰ ਨਹੀਂ ਦੀਹਦੀ ਅੱਜ...। ਭਾਊ ਜੈਬ ਸੂੰ ਪੂਰੇ ਰੰਗ 'ਚ ਲੱਗਦੈ ਅੱਜ... ਓ ਪ੍ਰਿੰਸ ਕਿੱਥੇ ਐ...ਸ਼ੈਤਾਨ ਦੀ ਟੂਟੀ...?

ਗਿੰਦਰ : ਭਾ ਜੀ ਹਾਲੀ ਤਕ ਨਹੀਂ ਆਇਆ ਵੇਖ ਲਓ...ਮਾਮਾ ਮੋਟਰ

ਸਾਈਕਲ ਲੈ ਕੇ ਦੇ ਗਿਆ ਸੀ ਨਵਾਂ...ਬਸ ਗੇੜੀ ਸ਼ੇੜੀ ਤੋਂ ਹੀ ਫੁਰਸਤ ਨਹੀਂ ਉਹਨੂੰ...। ਆਹ ਵੇਖ ਲਓ ਦਸ ਵੱਜ ਗਏ ਨੇ...ਹਾਲੀ ਤਕ ਨਹੀਂ ਜੇ ਮੁੜਿਆ...ਏਹਦਾ ਈ ਮੱਕੂ ਠੱਪਣ ਲਈ ਬੁਲਾਇਆ ਸੀ ਤੁਹਾਨੂੰ...ਮੈਂ ਪਾਣੀ ਲਿਆਵਾਂ...ਭਾ ਜੀ ਦੱਸਦੇ ਐ ਤੁਹਾਨੂੰ ਸਭ ਕੁਝ...ਨਾਲੇ ਤੁਸੀਂ ਆ ਕਿਉਂ ਚੁੱਕ ਲਿਆਏ ਹੋ ਵੀਰੇ...? ਘਰੇ ਬਣਾ ਲੈਂਦੇ ਸਬਜ਼ੀ...।

ਜੀਤ ਸਿੰਘ : ਓਏ ਗਿੰਦਰ ਬੇਟਾ ਏਹ ਤਾਂ ਪ੍ਰਿੰਸ ਲਈ ਐ...।

ਤੋਤੀ ਸਰਪੰਚ : ਉਹ ਆਂਹਦੇ ਹੁੰਦੇ ਨੇ ਨਾ ਕਿ ਨੂੰਹ ਦਾ ਪੱਜ ਤੇ ਧੀ ਦਾ ਰੱਜ...ਉਹ ਆਪਾਂ ਸੋਚਿਆ ਭਾਅ ਹੁਰਾਂ ਨੂੰ ਕੀ ਵਖਤ ਪਾਉਨਾ ਏ ਜਾ ਕੇ ਅੱਧੀ ਰਾਤ ਨੂੰ...ਬਣਿਆ ਬਣਾਇਆ ਹੀ ਲੈ ਚਲਦੇ ਹਾਂ...ਮਾਲ ਸਬਾਬ...(ਹਾਸਾ)।

ਅਜੈਬ ਸਿੰਘ : ਬੇਟਾ ਇਕ ਪਾਣੀ ਦਾ ਜੱਗ ਤੇ ਗਲਾਸੀਆਂ ਰੱਖ ਜੋ...ਤੇ ਫੁਲਕੇ ਲਾਹ ਲਓ ਵੀਰਾਂ ਆਪਣਿਆਂ ਲਈ...ਅਸੀਂ ਗੱਪ-ਸ਼ੱਪ ਲਾਉਨੇ ਆਂ ਘੜੀ...(ਬੋਤਲ ਕੱਢ ਲਿਆਉਂਦਾ ਹੈ)।

ਜੀਤ ਸਿੰਘ : ਨਾ ਦਾਰੂ ਦੀ ਨਹੀਂ ਲੋੜ ਭਾਅ...ਪੂਰੇ ਟਿੱਚ ਆਂ ਆਪਾਂ...ਹਾਂ, ਫੁਲਕਾ ਜ਼ਰੂਰ ਛਕਾਂਗੇ...।

ਅਜੈਬ ਸਿੰਘ : ਦੇਖ ਲਓ...ਫੇਰ ਕਿਧਰੇ ਜਾ ਕੇ ਭਾਊ ਗੀਤ ਨਾ ਬਣਾ ਦੀ ਸਾਡੇ ’ਤੇ...

ਅਖੇ ਜੱਟ ਸ਼ਹਿਰ ’ਚ ਕੋਠੀ ਪਾ ਲੀ
ਤੇ ਦਾਰੂ ਪਿਆਣੀ ਭੁੱਲ ਗਿਆ...

ਜੀਤ ਸਿੰਘ : ਓ ਭਾਊ...ਤੂੰ ਵੇਖੀਂ ਮੇਰੀ ਰੋਟੀ ਤੇ ਲੱਤ ਨਾ ਮਾਰੀਂ...ਤੂੰ ਤੇ ਗੀਤ ਲਿਖਣ ਲੱਗ ਪਿਆ...(ਹਾਸਾ)।

ਗਿੰਦਰ : (ਪਾਣੀ ਦਾ ਜੱਗ ਰੱਖਦੀ ਹੋਈ) ਖ਼ਰਬੂਜ਼ੇ ਨੂੰ ਵੇਖ ਖ਼ਰਬੂਜ਼ਾ ਰੰਗ ਫੜ ਈ ਜਾਂਦੈ ਵੀਰੇ...(ਸਾਰੇ ਹੱਸਦੇ ਹਨ)।

ਜੀਤ ਸਿੰਘ : ਗਿੰਦਰ...ਫੋਨ ਕਰੋ ਬੇਟਾ ਪ੍ਰਿੰਸ ਨੂੰ...ਉਹਨੂੰ ਦੱਸੋ ਮਾਮਾ ਆਇਆ ਉਹਦਾ...।

ਗਿੰਦਰ : ਕਰ ਤੈ ਭਾਅ ਜੀ ਮੋਬਾਇਲ...ਆਉਂਦਾ ਈ ਪਿਐ...।

ਅਜੈਬ ਸਿੰਘ : ਭਾਊ ਜੀਤ ਸਿਆਂ...ਕਈ ਦਿਨਾਂ ਤੋਂ ਉਡੀਕ ਰਹੇ ਸਾਂ ਤੁਹਾਨੂੰ... ਪ੍ਰਿੰਸ ਬਾਬਤ ਹੀ ਗੱਲ ਕਰਨੀ ਐ ਤੁਹਾਡੇ ਨਾਲ...ਦੇਖੋ ਏਹਦਾ ਪਿਉ ਭਿੰਦਰ ਜੀਊਂਦਾ ਹੁੰਦਾ ਤੇ ਆਪੇ ਸਾਰੀਆਂ ਫਸੀਆਂ



ਨਿਬੇੜਦਾ...ਪਰ ਹੁਣ ਸਾਡੇ ’ਤੇ ਸੁੱਟ ਗਿਆ ਸਭ ਭਿੰਦਰ...ਪਤਾ ਨਹੀਂ ਕਾਹਦੀ ਕਾਹਲੀ ਸੀ ਉਹਨੂੰ ਜਾਣ ਦੀ...ਜਿਥੋਂ ਜਾ ਕੇ ਕਦੇ ਕੋਈ ਮੁੜਿਆ ਨਹੀਂ ਕਦੀ...(ਅੱਖਾਂ ਭਰ ਕੇ)।

ਤੋਤੀ ਸਰਪੰਚ : ਓਏ ਉਸ ਡਾਢੇ ਨੂੰ ਕੌਣ ਆਖੇ ਭਾਊ...ਇੰਝ ਨਹੀਂ ਤੂੰ ਇੰਝ ਕਰ...। ਖ਼ੈਰ ਕੋਈ ਮਸਲਾ ਏ ਤੇ ਬੇਝਿਜਕ ਦੱਸੋ ਭਾਊ...?

ਅਜੈਬ ਸਿੰਘ : ਗੱਲ ਇਸ ਤਰ੍ਹਾਂ ਏ ਵੀਰੋ...ਬਈ ਇਕ ਰਿਸ਼ਤਾ ਆਇਆ ਏ ਆਪਣੇ ਪ੍ਰਿੰਸ ਲਈ...।

ਜੀਤ ਸਿੰਘ : ਓਏ ਬੱਲੇ...ਏਡਾ ਹੋ ਗਿਆ ਪ੍ਰਿੰਸ...ਮੈਂ ਤੇ ਅਜੇ ਕਾਕਾ ਈ ਸਮਝਦਾ ਸੀ ਯਾਰੋ...।

ਗਿੰਦਰ : ਤੇਈਆਂ ਦਾ ਹੋ ਗਿਐ ਵੀਰੇ...।

ਅਜੈਬ ਸਿੰਘ : ਦੇਖੋ ਕੁੜੀ ਸੋਹਣੀ ਸੁਨੱਖੀ ਐ...ਪੜ੍ਹੀ ਲਿਖੀ ਐ...ਆਪਣੇ ਪ੍ਰਿੰਸ ਨਾਲ ਹੀ ਪੜ੍ਹਦੀ ਸੀ ਕਾਲਜ...ਤੁਸੀਂ ਜਾਣਦੇ ਹੀ ਹੋਣੇ ਜੇ...ਉਹ ਸਰਪੰਚ ਪ੍ਰੀਤਮ ਸਿੰਘ ਨਹੀਂ...ਲਹਿਣੇਦਾਰ ਅਖਵਾਉਂਦੇ ਐ ਜਿਹੜੇ...?

ਤੋਤੀ ਸਰਪੰਚ : ਹਾਂ ਹਾਂ...ਜਾਣਦਾਂ ਮੈਂ...ਵੱਡੇ ਬੰਦੇ ਐ...।

ਅਜੈਬ ਸਿੰਘ : ਹਾਂ ਓਸੇ ਲਹਿਣੇਦਾਰ ਪ੍ਰੀਤਮ ਸਿੰਘ ਦੀ ਪੋਤੀ ਐ...ਸ਼ਾਇਦ ਆਸ਼ਨਾਈ ਵੀ ਹੋਵੇ ਦੋਹਾਂ ’ਚ ਕਾਲਜ ਤੋਂ...ਖ਼ੁਦ ਮੰਗਿਆ ਏ ਉਨ੍ਹਾਂ ਰਿਸ਼ਤਾ ਆਪਣੇ ਪ੍ਰਿੰਸ ਦਾ...ਇਕੱਲੀ ਇਕੱਲੀ ਧੀ ਐ ਉਨ੍ਹਾਂ ਦੀ...। ਏਧਰ ਪ੍ਰਿੰਸ ਵੀ ਮਾਮੇ ਤਾਏ ਵੱਲੋਂ ਤ੍ਰੈਅ ਭੈਣਾਂ ਦਾ ਇਕਲੌਤਾ ਭਾਈ ਐ...ਤੁਹਾਡੀ ਕੀ ਮਰਜ਼ੀ ਐ ਕਰ ਦੇਈਏ ਹਾਂ...ਨਾਲੇ ਸਾਂਭੇ ਆਪਣੀ ਡਿਊਟੀ ਪ੍ਰਿੰਸ ਵੀ...ਮੈਂ ਠੇਕਾ ਥੋੜ੍ਹਾ ਲਿਐ ਯਾਰੋ ਸਾਰੀ ਉਮਰ ਹੱਡ ਤੁੜਵਾਣ ਦਾ...ਪੜ੍ਹਿਆ ਲਿਖਿਆ ਐ...ਸਾਂਭੇ ਖੇਤੀਬਾੜੀ ਤੇ ਹੋਰ ਸਾਰੇ ਧੰਦੇ ਪ੍ਰਿੰਸ...।

ਜੀਤ ਸਿੰਘ : ਗੱਲ ਤਾਂ ਭਾਊ ਸਿਰੇ ਦੀ ਕੀਤੀ ਐ ਤੁਸਾਂ...ਮਾੜਾ ਜਿਹਾ ਪ੍ਰਿੰਸ ਨੂੰ ਵੀ ਟੋਹ ਲੈਂਦੇ...।

ਤੋਤੀ ਸਰਪੰਚ : ਮੇਰੇ ਅੱਲੋਂ ਤੇ ਭਾਊ ਅਜੈਬ ਸਿਆਂ ਹਾਂ ਜੇ ਬਈ...।

ਜੀਤ ਸਿੰਘ : ਮੰਗਣਾ ਤੇਰਾ ਨਹੀਂ...ਪ੍ਰਿੰਸ ਦਾ ਕਰਨੈਂ ਆਪਾਂ...।

*(ਸਾਰੇ ਹੱਸਦੇ ਹਨ।)*

ਪ੍ਰਿੰਸ : ਮਾਮਾ ਜੀ ਸਤਿ ਸ੍ਰੀ ਅਕਾਲ...ਐਂਡ ਕਾਪੀ ਟੂ ਆਲ...।

ਜੀਤ ਸਿੰਘ : ਓਏ ਬੱਲੇ ਸ਼ੈਤਾਨ ਦੀ ਟੂਟੀ...(ਜੱਫੀ ਪਾ ਕੇ ਪ੍ਰਿੰਸ ਦੀ ਚੁੰਮੀ ਲੈ ਲੈਂਦਾ ਹੈ)।

ਪ੍ਰਿੰਸ : ਓ ਮਾਮਾ ਜੀ ਯਾਰ ਮੇਰਾ ਸਾਰਾ ਮੂੰਹ ਹੀ ਲਿਬੇੜ 'ਤਾ ਜੇ...ਕੀ ਕਰੀ ਜਾਂਦੇ ਹੁੰਦੇ ਓ...ਮੈਂ ਗੱਡੀ ਵੇਖੀ ਤੁਹਾਡੀ ਮਾਲ ਰੋਡ...ਮੁੰਡਿਆਂ ਨੂੰ ਕਿਹਾ ਭਾਊ ਮੇਰੇ ਮਾਮੇ ਆ ਗਏ...ਮੈਂ ਲਾਉਨਾਂ ਘਰਾਂ ਨੂੰ ਦੁੜਕੀ...।

ਜੀਤ ਸਿੰਘ : ਓਏ ਸ਼ੈਤਾਨਾ...ਆਹ ਤਾਇਆ ਜੀ ਕੀ ਕਹਿੰਦੇ ਆ ਤੇਰੇ...? ਆਪਣਾ ਜੀਤ ਸਿੰਘ 'ਬਰੱਸਟ' ਦਾ ਭਣੇਵਾਂ ਐਂ ਤੂੰ...ਕਿਤੇ ਐਵੇਂ ਜੀ ਨਾ ਪਸੰਦ ਕਰ ਲਈਂ ਕੋਈ।

ਪ੍ਰਿੰਸ : ਅੱਤ ਆ ਮਾਮਾ ਜੀ...ਪੂਰੀ ਅੱਤ ਯਾਰ...(ਅੱਖ ਮਾਰਦਾ ਹੈ)।

ਜੀਤ ਸਿੰਘ : ਓਏ ਬੱਲੇ...ਬੱਲੇ...ਬੱਲੇ...ਓਹ ਮੇਰੀ ਬਿੱਲੋ...ਮੇਰੀ ਬਿੱਲੋ...ਗਿੱਲ ਬਲਿੱਲੋ (ਪ੍ਰਿੰਸ ਨੂੰ ਗਲਵਕੜੀ ਪਾ ਕੇ ਘੁੰਮੇਰੀ ਦੇਂਦਾ ਹੈ) ਉਰ੍ਹਾਂ ਆ ਓਏ... (ਪ੍ਰਿੰਸ ਦੀ ਫਿਰ ਚੁੰਮੀ ਲੈਂਦਾ ਹੈ)।

ਪ੍ਰਿੰਸ : ਓ ਮੰਮੀ ਵੇਖ ਲਓ ਯਾਰ...ਮੇਰਾ ਮੂੰਹ ਲਬੇੜੀ ਜਾਂਦੈ ਮਾਮਾ...ਰੋਕੋ ਯਾਰ ਏਹਨੂੰ...ਕੱਲ੍ਹ ਨੂੰ ਮੇਰੀ ਘਰਵਾਲੀ ਦੀਆਂ ਬੁੱਗੀਆਂ ਲਿਆ ਕਰੂ...ਹੱਦ ਹੋ ਗਈ...।

*(ਸਾਰੇ ਹੱਸਦੇ ਹਨ।)*

ਅਜੈਬ ਸਿੰਘ : ਫਿਰ ਭਾਊ ਦੱਸੋ...ਅਗਲਿਆਂ ਦਰਅਸਲ ਮੰਗਣੀ ਦੀ ਤਾਰੀਕ ਮੰਗੀ ਐ...?

ਪ੍ਰਿੰਸ : ਓ ਮਾਮਾ ਯਾਰ...ਆਪਾਂ ਕੇਹੜਾ ਪਾਂਡੇ ਕੋਲੋਂ ਕਢਵਾਉਣੀ ਐ ਤਰੀਕ...ਭਾਵੇਂ ਅਗਲੇ ਐਤਵਾਰ ਦੀ ਦੇ ਦਿਉ...।

ਜੀਤ ਸਿੰਘ : (ਜੁੱਤੀ ਲਾ ਕੇ ਪ੍ਰਿੰਸ ਨੂੰ) ਕਿੱਡਾ ਕਾਹਲਾ ਓਏ ਏਹ...ਖਲੋ ਤੇਰੇ ਫੇਰਦਾ ਜੁੱਤੀਆਂ...। (ਪ੍ਰਿੰਸ ਨੱਸ ਜਾਂਦਾ ਹੈ, ਸਾਰੇ ਹੱਸਦੇ ਹਨ।)... ਠੀਕ ਐ ਭਾਊ...ਤਰੀਕ ਦੀ ਕੇਹੜੀ ਗੱਲ ਐ ਜੇਹੜੀ ਮਰਜ਼ੀ ਰੱਖ ਲਓ...ਨਾਲੇ ਆਪਾਂ ਕੇਹੜਾ ਕੋਈ ਕਮੇਟੀ ਚੁੱਕਣੀ ਐ...(ਹਾਸਾ)... ਪਰ ਹਾਂ ਤਿਆਰੀ ਲਈ ਤੇ ਕੁਝ ਦਿਨ ਚਾਹੀਦੇ ਈ ਹੁੰਦੇ ਐ...ਬੁੱਢੀਆਂ ਕੱਪੜੇ ਸ਼ਪੜੇ ਵੀ ਸੁਆਣੇ-ਕੱਢਾਣੇ ਹੁੰਦੇ ਐ...ਉਹਦਾ ਖ਼ਿਆਲ ਰੱਖ ਲਿਓ...ਬਾਕੀ ਤੁਸੀਂ ਹੁਕਮ ਕਰੀ ਜਾਇਓ ਜੋ ਜੋ ਕਰਨੈਂ...ਮੈਂ ਕਰੂੰ ਸਾਰਾ ਇੰਤਜ਼ਾਮ...ਵੇਖਿਓ ਇਕ ਆਰੀ ਅੱਖਾਂ ਚਿੱਟੀਆਂ ਕਰਾ ਦੂੰ ਲੋਕਾਂ ਦੀਆਂ...ਅੱਖਾਂ ਚਿੱਟੀਆਂ...ਓਏ ਆਖ਼ਿਰ ਜੇ.ਐੱਸ.ਬੀ. ਯਾਨਿ ਕਿ ਜੀਤ ਸਿੰਘ ਬਰੱਸਟ ਦੇ ਇਕਲੌਤੇ ਭਣੇਵੇਂ ਦਾ ਮੰਗਣਾ ਐ...ਖੜਾਕ ਹੋਊ ਪੂਰਾ ਖੜਾਕ...।

ਅਜੈਬ ਸਿੰਘ : ਗਿੰਦਰ ਬੇਟਾ...ਫਿਰ ਅਗਲੇ ਮਹੀਨੇ...10 ਨਵੰਬਰ ਦੇ ਦੇਈਏ ਲਹਿਣੇਦਾਰਾ ਨੂੰ...?



ਗਿੰਦਰ : ਠੀਕ ਐ...ਪਰ ਇਹਦੀ ਮਾਮੀ ਤੇ ਸੋਨਾ ਮੋਨਾ ਨੂੰ ਪੁੱਛ ਲਿਓ...।

ਜੀਤ ਸਿੰਘ : ਓ ਸ਼ੁਦੈਣੇ ਆਹ ਉਹਦਾ ਮਾਮਾ ਮੰਜ਼ੂਰੀ ਦੇ ਰਿਹਾ ਏ...ਉਹਦਾ ਕੋਈ ਮੁੱਲ ਈ ਨਹੀਂ...?

ਗਿੰਦਰ : ਨਹੀਂ ਭਾਅ ਜੀ...ਤੁਹਾਨੂੰ ਮਨਜ਼ੂਰ ਐ ਤੇ ਠੀਕ ਐ ਫਿਰ...।

ਤੋਤੀ ਸਰਪੰਚ : ਚੱਲੋ ਫਿਰ...10 ਨਵੰਬਰ ਪੱਕਾ ਕਰ ਦਿਓ ਲਹਿਣੇਦਾਰਾਂ ਨੂੰ...ਹੁਣ ਏਸੇ ਖ਼ੁਸ਼ੀ 'ਚ ਤੇ ਇਕ ਇਕ ਪੈੱਗ ਹੋਣਾ ਈ ਚਾਹੀਦਾ ਏ...ਨਹੀਂ ਤੇ ਸ਼ਰਾਬ ਸਹੁਰੀ ਦੀ ਕੀ ਕਹੂ...ਭਣੇਵੇਂ ਦਾ ਮੰਗਣਾ ਤੈਅ ਹੋ ਗਿਆ...ਮੈਨੂੰ ਖ਼ੁਸ਼ ਈ ਨਹੀਂ ਕਰ ਰਹੈ...। (ਹਾਸਾ)

*(ਪੈੱਗ ਪੀਂਦੇ ਹਨ।)*

ਚਲੋ ਵਧਾਈਆਂ ਆਲਾ ਕੰਮ ਤੇ ਹੋ ਗਿਆ...ਪਰ ਭਾਅ ਅਜੈਬ ਸਿਆਂ...ਇਕ ਮਾੜਾ ਜਿਹਾ ਹੋਰ ਵੀ ਕੰਮ ਸੀ ਤੁਹਾਡੇ ਨਾਲ...ਨਿਰਵੈਰ ਸੂੰ ਖ਼ਾਲਸਾ ਨਾਲ ਕਿੱਦਾਂ ਐ ਅੱਜ ਕੱਲ੍ਹ ਆਪਣੀ...?

ਅਜੈਬ ਸਿੰਘ : ਪੱਕੀ ਯਾਰੀ ਐ ਆਪਣੀ...ਤੁਸੀਂ ਹੁਕਮ ਕਰੋ...।

ਤੋਤੀ ਸਰਪੰਚ : ਫ਼ੋਨ ਕਰਾਉਣੈ ਖ਼ਾਲਸਾ ਤੋਂ ਇਕ ਡੀ.ਸੀ. ਨੂੰ...ਕਚਹਿਰੀ ਗਏ ਸੀ ਅੱਜ...ਆਪਣੇ ਬਰੱਸਟ ਸਾਹਿਬ ਨੇ ਲਾਇਸੈਂਸ ਬਣਾਉਣੈ ਪਿਸਤੌਲ ਦਾ...ਪਰ ਡੀ.ਸੀ. ਸਾਹਿਬਾ ਨੇ ਨਾਂਹ ਕਰਤੀ....ਅਗਰ ਨਿਰਵੈਰ ਸੂੰ ਹੁਰੀਂ ਫ਼ੋਨ ਕਰ ਦੇਣ 'ਤੇ...।

ਜੀਤ ਸਿੰਘ : ਗੱਲ ਕੁਝ ਵੀ ਨਹੀਂ...ਪਰ ਖੁੰਦਕ ਜਹੀ ਖਾ ਗਈ ਕੁਝ ਡਿਪਟੀ ਸਾਹਿਬਾ...।

ਅਜੈਬ ਸਿੰਘ : ਤੁਸੀਂ ਪ੍ਰਸ਼ਾਦੇ ਛਕੋ ਤੇ ਰਾਤ ਹੁਣ ਏਥੇ ਈ ਰੁਕੋ...ਆਪਾਂ ਸਵੇਰੇ ਈ ਜਾ ਫੜਦੇ ਆ ਨਿਰਵੈਰ ਸਿੰਘ ਖ਼ਾਲਸਾ ਨੂੰ...ਉਏ ਆਪਣਾ ਜਮਾਤੀ ਐ ਯਾਰ...ਉਹ ਤੇ ਆਪਣੇ ਘੜੇ ਦੀ ਮੱਛਲੀ ਐ...ਜਦੋਂ ਮਰਜ਼ੀ ਦਬੋਚ ਲਈਏ...ਕੋਈ ਨਾ ਨਹੀਂ...।

ਤੋਤੀ ਸਰਪੰਚ : ਠੀਕ ਆ ਫਿਰ...ਹੁਣ ਪਿੰਡ ਜਾ ਕੇ ਵੀ ਤੇ ਸੌਣਾ ਈ ਐ...ਏਥੇ ਪੈ ਜਾਨੇ ਆਂ...ਭੈਣ ਦੇ ਘਰੇ...ਕਿਉਂ ਭਾਊ ?...(ਜੀਤ ਸਿੰਘ ਵੱਲ ਅੱਖ ਨੱਪ ਕੇ...)।

ਜੀਤ ਸਿੰਘ : ਠੀਕ ਐ...ਓਏ ਪ੍ਰਿੰਸ...ਪ੍ਰਿੰਸ ਓਏ...।

ਪ੍ਰਿੰਸ : (ਪਲੇਟ 'ਚ ਚਿਕਨ ਖਾਂਦਾ ਆਉਂਦਾ ਹੈ) ਹਾਂ ਜੀ ਮਾਮਿਓ... ਫਰਮਾਓ...ਹੁਕਮ ਕਰੋ...।

ਜੀਤ ਸਿੰਘ : ਪੁੱਤ ਮਾਮੀ ਆਪਣੀ ਨੂੰ ਮੋਬਾਇਲ ਮਾਰ ਦੇ ਜ਼ਰਾ...ਕਿ ਆਪਾਂ ਏਧਰ ਈ ਆਂ ਰਾਤ...ਨਾਲੇ ਮਾਮੀ ਆਪਣੀ ਨੂੰ ਖ਼ੁਸ਼ਖ਼ਬਰੀ ਵੀ

ਸੁਣਾ ਦੇ ਖ਼ੁਦ ਹੀ...10 ਨਵੰਬਰ ਪੱਕੀ ਕਰਤੀ ਆਪਾਂ...।

ਪ੍ਰਿੰਸ : ਉਹ ਤੇ ਮਾਮੀ ਸ੍ਰੀ ਨੂੰ ਦੱਸ ਵੀ ਦਿੱਤੈ ਮੈਂ ਮੋਬਾਇਲ 'ਤੇ...।

ਜੀਤ ਸਿੰਘ : ਗੱਲ ਸੁਣ...(ਪ੍ਰਿੰਸ ਬਰੱਸਟ ਦੇ ਨਜ਼ਦੀਕ ਬੈਠ ਜਾਂਦੈ)...ਉਹਨੂੰ ਵੀ ਦੱਸ ਦੇਣਾ ਸੀ...ਸਾਡੀ ਨੂੰਹ ਨੂੰ...।

ਪ੍ਰਿੰਸ : ਉਹਨੂੰ ਤੇ ਵੱਟਸਅਪ ਠੋਕ ਤਾਂ ਮਾਮਾ ਕਦੋਂ ਦਾ...।

ਜੀਤ ਸਿੰਘ : ਓਏ ਬੱਲੇ ਤੇਰੀਆਂ ਫੁਰਤੀਆਂ ਦੇ...ਪੂਰਾ ਲੁੱਚ ਐਂ ਲੁੱਚ...।

ਪ੍ਰਿੰਸ : ਭਣੇਵੇਂ ਕਿਹਦੇ ਆਂ...।

ਜੀਤ ਸਿੰਘ : ਓਏ ਮੇਰੀ ਪੁਤਰੋ...(ਚੁੰਮਦਾ ਹੈ)।

ਪ੍ਰਿੰਸ : ਮੰਮੀ ਵੇਖ ਲਓ ਬਰੱਸਟ ਸਾਹਬ ਮੇਰਾ ਮੂੰਹ ਬਾਰ-ਬਾਰ ਲਬੇੜੀ ਜਾਂਦੈ।

ਜੀਤ ਸਿੰਘ : ਫੇਰ ਕੀ ਤੋਹਫ਼ਾ ਲਿਆਵਾਂ ਆਪਣੀ ਨੂੰਹ ਰਾਣੀ ਲਈ ਮੰਗਣੀ ਦਾ...?

ਪ੍ਰਿੰਸ : ਸੇਬ ਚੱਲੂ ਸੇਬ...।

ਅਜੈਬ ਸਿੰਘ : ਸੇਬ...?

ਜੀਤ ਸਿੰਘ : ਸੇਬ ਮਤਲਬ ਐਪਲ ਦਾ ਮੋਬਾਇਲ...ਸੱਠ ਪੈਂਹਠ ਹਜ਼ਾਰ ਵਾਲਾ।

ਅਜੈਬ ਸਿੰਘ : ਓ ਮੈਨੂੰ ਜੱਟ ਬੂੜ ਬੰਦੇ ਨੂੰ ਕੀ ਪਤਾ ਭਾਊ ਤੁਹਾਡੀਆਂ ਖੁਰਾਸਾਨੀਆਂ ਦਾ...।

ਜੀਤ ਸਿੰਘ : ਹੋਰ ਦੱਸ ਪੁੱਤ ਕੀ ਕੀ ਕਰਨੈ ਤੇਰੇ ਮਾਮੇ ਨੇ ਮੰਗਣੇ 'ਤੇ ਆਪਣੇ ਪੁੱਤਰ ਦੇ...ਬੋਲ ਕਿਹਨੂੰ ਬੁਲਾਈਏ...ਜੈਜੀ ਬੀ ਕਿ ਯੋ ਯੋ...ਮਿਸ ਪੂਜਾ ਕੇ ਨੇਹਾ ਕੱਕੜ...ਬੋਲ ਹੁਕਮ ਕਰ।

ਪ੍ਰਿੰਸ : ਪਟਾਕੇ ਪਾ ਦਿਓ ਬਸ...ਪਟਾਕੇ ਮਾਮਾ ਸ੍ਰੀ...।

ਤੋਤੀ ਸਰਪੰਚ : ਉਹ ਤੇ ਭਾਊ ਪੈਣਗੇ ਹੀ ਪੈਣਗੇ...।

*(ਸਾਰੇ ਹੱਸਦੇ ਹਨ।)*



## ਪੰਜਵਾਂ ਸੀਨ

[ਐੱਮ.ਐੱਲ.ਏ. ਸ੍ਰ. ਨਿਰਵੈਰ ਸਿੰਘ ਖਾਲਸਾ ਦੀ ਕੋਠੀ ਦਾ ਲਾਅਨ। ਜੀਤ ਸਿੰਘ, ਤੋਤੀ ਸਰਪੰਚ, ਅਜੈਬ ਸਿੰਘ ਬੈਠੇ ਚਾਹ ਪੀ ਰਹੇ ਹਨ। ਨਿਰਵੈਰ ਸਿੰਘ ਖ਼ਾਲਸਾ ਮੋਬਾਇਲ ਕਰ ਰਹੇ ਹਨ।]

ਨਿਰਵੈਰ ਸਿੰਘ : ਓ ਨਹੀਂ ਨਹੀਂ ਡੀ.ਸੀ. ਸਾਹਿਬਾ...ਦੇਖੋ ਮੈਂ ਹੁਣ ਕਿਸੇ ਹਾਰੀ ਸਾਰੀ ਦੀ ਸਿਫ਼ਾਰਸ਼ 'ਤੇ ਕਰਨ ਨਹੀਂ ਲੱਗਾ ਤੁਹਾਨੂੰ...। ਏਹ ਬੰਦਾ ਜੀਤ ਸਿੰਘ ਬਰੱਸਟ ਪੰਜਾਬ ਦਾ ਨਾਮੀ ਗੀਤਕਾਰ ਐ...ਜੇ.ਐੱਸ.ਬੀ...ਜੇ. ਐੱਸ. ਬੀ. ਕਹਿੰਦੇ ਆ ਏਹਨੂੰ...ਟੀ.ਵੀ. ਚੈਨਲਾਂ 'ਤੇ...ਤੁਸਾਂ ਵੀ ਪੜ੍ਹਿਆ ਹੋਊ ਨਾਮ ਏਹਦਾ ਜ਼ਰੂਰ...ਕਈ ਐਵਾਰਡ ਵੀ ਜਿੱਤੇ ਨੇ ਏਹਨੇ ਗੀਤਕਾਰੀ 'ਚ। ਬੜੇ ਬੜੇ ਕਹਿੰਦੇ ਕਹਾਉਂਦੇ ਸਿੰਗਰ ਗਾਉਂਦੇ ਨੇ ਏਹਦੇ ਗੀਤ ਜੀ...(ਅੱਖ ਮਾਰ ਕੇ)...ਬੜੇ ਬੜੇ ਟੌਪ ਦੇ ਗੀਤ ਲਿਖੇ ਨੇ ਏਹਨੇ...ਉਹ ਗੀਤ ਨਹੀਂ ਜੀ...ਮਿੱਤਰਾਂ ਦੀ ਅੱਖ ਅੱਜ ਲਾਲ ਐ, ਕੋਈ ਬੰਦਾ ਬੁੰਦਾ ਮਾਰਨੈ ਤੇ ਦੱਸ...ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ ਇਕ ਚਸਕਾ ਗੋਰੀਆਂ ਨਾਰਾਂ ਦਾ...ਹੋਰ ਉਹ ਗੀਤ... (ਜੀਤ ਨੂੰ ਆਪਣੇ ਗੀਤ ਦੱਸਣ ਲਈ ਇਸ਼ਾਰਾ ਕਰਦੈ। ਜੀਤ ਨਿਰਵੈਰ ਸਿੰਘ ਕੋਲ ਆ ਕੇ ਦੱਬੀ ਜ਼ਬਾਨ 'ਚ ਦੱਸਣ ਲੱਗਦਾ ਹੈ।)...ਗੱਡੀ 'ਚ ਬੰਦੂਕ ਰੱਖਾਂ ਬਾਰਾਂ ਬੋਰ ਦੀ...ਡੱਬ 'ਚ ਬੰਦੂਕ ਦਾ ਮੈਂ ਬੱਚਾ ਰੱਖਦਾ...। ਹੋਰ ਬੜੇ ਆਹਲਾ ਤੋਂ ਆਹਲਾ ਗੀਤ ਦਿੱਤੇ ਨੇ ਏਹਨੇ ਜਨਾਬ...ਓਹ ਅੱਜ ਕੱਲ੍ਹ ਦਿਲਜੀਤ ਦੁਸਾਂਝ ਦਾ ਗੀਤ ਜਿਹੜਾ ਛਾਇਆ ਪਿਆ...ਜਿਥੇ ਹੁੰਦੀ ਏ ਪਾਬੰਦੀ ਹਥਿਆਰ ਦੀ ਨੀ ਓਥੇ ਜੱਟ ਫੈਰ ਕਰਦਾ...ਏਸੇ ਜੀਤ ਸਿੰਘ ਦੀ ਰਚਨਾ ਏ ਜੀ...ਨਾਲੇ ਆਪਣੀ ਪਾਰਟੀ ਦਾ ਸਰਗਰਮ ਵਰਕਰ ਐ...ਹੂੰ...ਹੂੰ...ਦੇਖੋ ਤੁਸੀਂ ਨਾਂਹ ਕਰੋਗੇ ਏਹ ਡਿਪਟੀ ਸੀ.ਐੱਮ. ਸਾਹਬ ਦਾ ਫ਼ੋਨ ਖੜਕਵਾ ਦੂ...ਹੁਣ ਨਿੱਕੇ-ਮੋਟੇ ਕੰਮਾਂ ਲਈ ਵੀ ਵਰਕਰ ਡਿਪਟੀ ਸੀ.ਐੱਮ. ਸਾਹਬ ਵੱਲ ਭੱਜਣਗੇ ਤੇ ਸਾਡੀ ਤੁਹਾਡੀ ਕਿਵੇਂ ਰਹਿ ਆਊਗੀ ? ਸਰਦਾਰ ਸਾਹਿਬ ਨੂੰ ਵੀ ਸਾਰੇ ਫੰਕਸ਼ਨਾਂ 'ਤੇ ਏਹੋ ਸਿੰਗਰ ਵ.ਗੈਰਾ ਮੰਗਵਾ ਕੇ ਦੇਂਦਾ ਏ ਜੀ। ਵਿਸ਼ਵ ਕਬੱਡੀ ਮੈਚ ਹੋਣ ਭਾਵੇਂ

ਵਿਰਾਸਤ ਮੇਲਾ...ਸਭ ਏਸੇ ਦੇ ਇਸ਼ਾਰੇ 'ਤੇ ਆਉਂਦੇ ਨੇ ਸਿੰਗਰ ਦੂਰ ਦੁਰਾਡਿਓਂ...ਕਰ ਦਿਓ ਕ੍ਰਿਪਾ...ਮੇਰੀ ਜ਼ਿੰਮੇਵਾਰੀ 'ਤੇ।

ਡੀ.ਸੀ. : (ਆਵਾਜ਼) ਠੀਕ ਐ ਸਰਦਾਰ ਸਾਹਿਬ ਤੁਸੀਂ ਗਾਰੰਟੀ ਲੈਂਦੇ ਓ ਤਾਂ ਮੈਂ ਯੈੱਸ ਕਰ ਦੇਨੀ ਆਂ...ਵੈਸੇ ਲੋੜ ਕੋਈ ਨਹੀਂ ਜੇ ਇਸ ਨੂੰ ਵੈਪਨ ਦੀ...ਏਹਦੀ ਤੇ ਕਲਮ ਈ ਬੰਦੂਕ ਤੋਂ ਵੱਧ ਖ਼ਤਰਨਾਕ ਐ...।

ਨਿਰਵੈਰ ਸਿੰਘ : (ਹਾਸਾ) ਓ ਚਲੋ ਜਨਾਬ...ਤੁਸੀਂ ਮੇਰਾ ਈ ਮਾਣ ਰੱਖ ਲਓ...ਕਰੋ ਕਲਿਆਣ...ਠੀਕ...ਠੀਕ...ਹਾਂ...ਹਾਂ...ਸਤਿ ਸ੍ਰੀ ਅਕਾਲ...।

*(ਅੱਖ ਦੱਬ ਕੇ ਮੋਬਾਇਲ ਬੰਦ ਕਰਦਾ ਹੈ)।*

ਬੜੀ ਕੱਬੀ ਜ਼ਨਾਨੀ ਐ ਯਾਰ ਏਹ ਡੀ.ਸੀ.। ਖ਼ੈਰ ਤੁਹਾਡਾ ਕੰਮ ਹੋ ਗਿਐ...ਜਾ ਵੱਜੋ ਅੱਜੇ ਈ ਕਚਹਿਰੀ...ਬਾਕੀ ਭਾਊ ਕੋਈ ਹੋਰ ਦਿੱਕਤ ਆਈ ਤਾਂ ਆਹ ਮੇਰਾ ਕਾਰਡ ਲੈ ਲਓ...ਕਰ ਲਿਓ ਫੋਨ ਮੈਨੂੰ...ਮੈਂ ਤਾਂ ਐਸ ਬਾਈ ਅਜੈਬ ਸੂੰ ਦੇ ਹੁਕਮ ਦਾ ਬੱਧਾ...।

*(ਸਾਰੇ ਹੱਸਦੇ ਹਨ ਤੇ ਉੱਠਦੇ ਹਨ।)*

ਹੋਰ ਸੇਵਾ ਦੱਸੋ ਕੋਈ ਅਜੈਬ...।

ਜੀਤ ਸਿੰਘ : (ਹੱਥ ਮਿਲਾਉਂਦੇ ਹੋਏ) ਬਹੁਤ ਮੇਹਰਬਾਨੀ ਭਾਅ ਜੀ...ਸੇਵਾ ਤੁਸੀਂ ਦੱਸੋ ਭਾਅ ਜੀ...।

ਨਿਰਵੈਰ ਸਿੰਘ : ਆਪਾਂ ਵੀ ਦੱਸਾਂਗੇ ਭਾਊ ਜੀ...ਐਦਕੀਂ ਅਲੈਕਸ਼ਨ 'ਚ ਲਾਉਨੇ ਆਂ ਤੁਹਾਡੀ ਕੋਈ ਮੋਟੀ ਡਿਊਟੀ...ਚੰਗਾ ਮੈਂ ਚੱਲਨੈ...ਮੁੱਖ ਮੰਤਰੀ ਨਾਲ ਮੀਟਿੰਗ ਐ ਸਰਕਟ ਹਾਊਸ...ਸਤਿ ਸ੍ਰੀ ਅਕਾਲ...।

ਸਾਰੇ : ਸਤਿ ਸ੍ਰੀ ਅਕਾਲ!



## ਛੇਵਾਂ ਸੀਨ

[ਸਕਰੀਨ 'ਤੇ ਫ਼ਿਲਮ ਚੱਲ ਰਹੀ ਹੈ। ਜੀਤ ਸਿੰਘ ਨੇ ਪਿਸਤੌਲ ਸਜਾਈ ਹੋਈ ਹੈ। ਢੋਲ ਵੱਜ ਰਿਹਾ ਹੈ। ਸਾਰੇ ਪਿੰਡ 'ਚ ਲੱਡੂ ਵੰਡੇ ਜਾ ਰਹੇ ਹਨ। ਜੀਤ ਸਿੰਘ ਕਿਸੇ ਨੂੰ ਪੈਰੀਂ ਪੈਣਾ ਕਰਦਾ, ਕਿਸੇ ਨੂੰ ਹੈਲੋ ਹਾਏ ਤੇ ਕਿਸੇ ਨੂੰ ਗਲੇ ਮਿਲਦਾ ਹੋਇਆ ਲੱਡੂ ਵੰਡ ਰਿਹਾ ਹੈ। ਪ੍ਰਿੰਸ ਉਹਦੇ ਨਾਲ ਹੈ। ਕਦੇ-ਕਦੇ ਪ੍ਰਿੰਸ ਮੁੰਡੀਰ ਨਾਲ ਭੰਗੜਾ ਵੀ ਪਾਉਣ ਲੱਗਦਾ ਹੈ। ਅਖ਼ੀਰ ਪਿੰਡ ਦੀਆਂ ਗਲੀਆਂ 'ਚ ਲੱਡੂ ਵੰਡ ਕੇ ਇਹ ਜਲੂਸ ਘਰ ਅੱਪੜਦਾ ਹੈ।]

## ਸੱਤਵਾਂ ਸੀਨ

[ਜੀਤ ਸਿੰਘ ਦੇ ਘਰ ਦਾ ਵਿਹੜਾ। ਸੰਤ ਕੌਰ ਪੂਰੇ ਗ਼ੁੱਸੇ 'ਚ ਹੈ।]

ਸੰਤ ਕੌਰ : ਤੇਰੀਆਂ ਖ਼ੁਰਾਫਾਤਾਂ ਤੂੰ ਹੀ ਜਾਣੇ ਚਾਂਬਲਿਆ ਜੱਟਾ...ਮੈਂ ਤੇ ਅੱਜ ਤਕ ਕਿਸੇ ਨੂੰ ਪਿਸਤੌਲ ਲੈ ਕੇ ਇਸ ਤਰ੍ਹਾਂ ਗਲੀ-ਗਲੀ ਲੱਡੂ ਵੰਡਦੇ ਨਹੀਂ ਤੱਕਿਆ...ਤੇ ਤੂੰ ਪ੍ਰਿੰਸ ਦਿਆ ਬੱਚਿਆ...ਮੁਢੀਰ ਨਾਲ ਭੰਗੜੇ ਪਾਉਂਦਿਆਂ ਤੈਨੂੰ ਸ਼ਰਮ ਨੀ ਆਈ...ਐਡਾ ਲੌਂਠਾ ਹੋ ਗਿਐ...ਸ਼ਰਮ ਨਾ ਹਯਾ...।

ਪ੍ਰਿੰਸ : ਮਾਮੀ ਸ੍ਰੀ ਤੁਹਾਨੂੰ ਤੇ ਪਤੈ ਕਿ ਮੈਂ ਬਰੱਸਟ ਸਾਹਬ ਦਾ ਹੁਕਮ ਟਾਲ ਨਹੀਂ ਸਕਦਾ...ਬਸ...।

ਸੰਤ ਕੌਰ : ਚਿਮਚਾ ਏਂ ਤੂੰ ਤੇ ਮਾਮੇ ਦਾ ਚਿਮਚਾ...।

ਸੋਨਾ ਮੋਨਾ : ਪੂਰਾ ਸਿਲਵਰ ਸਪੂਨ...।

ਪ੍ਰਿੰਸ : ਠਹਿਰੋ ਜ਼ਰਾ ਬੰਨਦਾਂ ਤੁਹਾਡੀਆਂ ਗੁਤੜੀਆਂ ਚੁੜੇਲਾਂ ਦੀਆਂ...।

ਸੋਨਾ ਮੋਨਾ : ਚਿਮਚਾ ਨਹੀਂ ਕੜਛਾ...।

ਪ੍ਰਿੰਸ : ਰੁਕੋ ਫੇਰ...(ਪਿੱਛੇ ਨੱਸਦਾ ਹੈ। ਸੋਨਾ ਮੋਨਾ ਸ਼ੋਰ ਕਰਦੀਆਂ ਅੱਗੇ ਨੱਸਦੀਆਂ ਹਨ।)

ਸੰਤ ਕੌਰ : ਕੋਈ ਹੈ ਜੁਆਬ ਬਰੱਸਟ ਸਾਹਬ...ਏਹ ਲੱਡੂ ਵੰਡਣ ਦੀ ਕੀ ਸੁੱਝੀ ਆਪ ਨੂੰ...।

ਜੀਤ ਸਿੰਘ : ਤੇਰੀ ਮੱਤ ਗੁੱਤ ਪਿੱਛੇ ਏ ਸੰਤ ਕੌਰੇ...ਤੂੰ ਨਹੀਂ ਸਮਝ ਸਕਦੀ...ਜੱਟ ਦੀਆਂ ਸਕੀਮਾਂ...ਓ ਸ਼ੁਦੈਣੇ ਤਿੰਨ ਹਜ਼ਾਰ ਦੇ ਲੱਡੂ ਵੰਡਣ ਨਾਲ ਪੂਰੇ ਪਿੰਡ 'ਚ ਪਤਾ ਚੱਲ ਗਿਆ ਏ ਕਿ ਬਰੱਸਟ ਸਾਹਬ ਨੇ ਲਾਇਸੈਂਸੀ ਵੈਪਨ ਲੈ ਲਿਆ ਏ...ਏਹਨੂੰ ਕਹਿੰਦੇ ਨੇ ਸਿਆਸਤ... ਮਾਈ ਡੀਅਰ...ਸਿਆਸਤ...ਤਿੰਨ ਹਜ਼ਾਰ ਦੇ ਲੱਡੂਆਂ ਨਾਲ ਪੂਰੇ ਪਿੰਡ 'ਚ ਚੜ੍ਹ ਮੱਚ ਗਈ ਬਰੱਸਟ ਸਾਹਬ ਦੀ...ਪੂਰਾ ਟਹਿਕਾ ਹੋ ਗਿਆ ਆਪਣਾ ਇਲਾਕੇ 'ਚ...ਹੁਣ ਕਿਸੇ ਦੀ ਜੁਰਅਤ ਨਹੀਂ ਪੈ ਸਕਦੀ ਅੱਗੋਂ ਕਿ ਆਪਣੀ ਗਲੀ 'ਚੋਂ ਲੰਘਦਾ ਖੰਘ ਵੀ ਜਾਏ ਕੋਈ...ਰਹੀ ਗੱਲ ਲੱਡੂਆਂ ਦੀ ਉਹ ਤੇ ਆਪਾਂ ਊਂ ਵੀ ਪ੍ਰਿੰਸ ਦੀ ਮੰਗਣੀ ਦੀ ਖ਼ੁਸ਼ੀ 'ਚ ਵੀ ਵੰਡਣੇ ਹੀ ਸੀ...ਕਿਉਂ ਪ੍ਰਿੰਸ ਪੁੱਤ...?



ਪ੍ਰਿੰਸ : ਬਿਲਕੁਲ ਬਿਲਕੁਲ ਮਾਮਾ ਸ੍ਰੀ...ਮਾਮਾ ਯਾਰ ਇਕ ਫਾਇਰ ਕੱਢ ਲੈਣ ਦਿਓ...ਨਾਲੇ ਟੈਸਟ ਹੋ ਜੂ ਵੈਪਨ...ਧਰਮ ਨਾਲ ਸੁਆਦ ਆ ਜੂ...ਬਸ ਇਕੋ ਈ...ਓ ਜਿਥੇ ਹੁੰਦੀ ਏ ਪਾਬੰਦੀ ਹਥਿਆਰ ਦੀ ਨੀ ਉਥੇ ਜੱਟ ਫਾਇਰ ਕਰਦਾ...(ਪਿਸਤੌਲ ਨੂੰ ਕਵਰ 'ਚੋਂ ਕੱਢਣ ਦੀ ਕੋਸ਼ਿਸ਼ ਕਰਦਾ ਹੈ।)

ਸੰਤ ਕੌਰ : ਖ਼ਬਰਦਾਰ...ਖ਼ਬਰਦਾਰ ਜੇ ਹੱਥ ਲਾਇਓ ਈ...।

ਪ੍ਰਿੰਸ : ਠੀਕ ਐ ਮਾਮੀ ਸ੍ਰੀ...।

ਜੀਤ ਸਿੰਘ : ਏਹਨੂੰ ਟੈਸਟ ਤੇਰੀ ਮੰਗਣੀ 'ਤੇ ਕਰਾਂਗੇ ਪੁੱਤ...ਵੇਖੀਂ ਕਿੱਦਾਂ ਚਲਾਉਂਦੈ ਜੱਟ ਤਾੜ ਤਾੜ...ਗੋਲੀਆਂ...ਊਂ ਵੀ ਪੁੱਤ ਫਾਇਰ ਕੱਢਿਆ ਤੇ ਕੋਈ ਕੁੱਤਾ ਬਿੱਲਾ ਸਕੈਤ ਕਰ ਦੂ ਜਾ ਕੇ...।

ਪ੍ਰਿੰਸ : ਖ਼ੈਰ...ਜੋ ਹੁਕਮ ਬਰੱਸਟ ਸਾਹਿਬ ਦਾ...ਸੋਨਾ ਮੋਨਾ...ਲਿਆਓ ਫੇਰ ਮੇਰੀ ਬਾਈਕ ਦੀ ਚਾਬੀ...ਮੈਂ ਸ਼ੂਟਾਂ ਵੱਟਾਂ...ਬੇਟਾ ਏਹ ਨਾ ਹੋਵੇ ਏਥੇ ਮਾਮੀ ਤੋਂ ਬਚਿਆ ਓਥੇ ਮੰਮੀ ਤੋਂ ਖਾਣੀਆਂ ਪੈਣ ਜੁੱਤੀਆਂ ਪ੍ਰਿੰਸ ਗਿੱਲ ਹੋਰਾਂ ਨੂੰ...ਮਾਮੀ ਹੁਣ ਹਫ਼ਤਾ ਪਹਿਲਾਂ ਆਉਣਾ ਜੇ...ਉਹ ਨਾ ਹੋਵੇ ਪ੍ਰਾਹੁਣਿਆਂ ਵਾਂਗ ਸਿੱਧਾ ਪੈਲਸ ਹੀ ਪੁੱਜੋ...ਨਾਲੇ ਬੇਸ਼ਕ ਸੋਨਾ ਮੋਨਾ ਨੂੰ ਘਰੇ ਹੀ ਛੱਡ ਆਇਓ...।

ਸੋਨਾ ਮੋਨਾ : (ਰੋਣ ਲੱਗਦੀਆਂ ਹਨ।)

ਪ੍ਰਿੰਸ : ਵੱਜ ਗਏ ਵਾਜੇ...ਚੁੱਪ ਹੋ ਜਾਓ ਨਹੀਂ ਤੇ ਗੁਤੜੀਆਂ ਬੰਨ੍ਹ ਦਊਂ ਤੁਹਾਡੀਆਂ...ਕਿੱਡੇ ਸੁਰ 'ਚ ਨੇ ਬਾਂਦਰੀਆਂ ਜਹੀਆਂ...।

ਸੋਨਾ : ਦੇਖੀਂ ਆਪਾਂ ਵੀ ਭਾਬੀ ਨੂੰ ਦੱਸ ਦੇਣਾ ਏ...।

ਪ੍ਰਿੰਸ : ਕੀ...?

ਸੋਨਾ : ਭਾਬੀ ਤੇ ਸਾਡੀ ਪਰੀਓਂ ਸੋਹਣੀ
ਵੀਰਾ ਸਾਡਾ ਏ ਲੰਗੂਰ...।

*(ਕਹਿ ਕੇ ਨੱਸ ਜਾਂਦੀਆਂ ਹਨ।)*

ਪ੍ਰਿੰਸ : ਏਹ ਬੋਲੀ ਏਹਨਾਂ ਆਪ ਘੜੀ ਏ ਬਾਂਦਰੀਆਂ ਨੇ...।

ਜੀਤ ਸਿੰਘ : ਆਹੋ...।

ਪ੍ਰਿੰਸ : ਮਾਮਾ ਯਾਰ...ਗੀਤਕਾਰੀ ਵਾਲੇ ਜਰਾਸੀਮ ਤੇ ਇਨ੍ਹਾਂ 'ਚ ਵੀ ਪੂਰੇ ਫੁੱਲ ਆ...।

*(ਮੋਟਰ ਸਾਇਕਲ ਸਟਾਰਟ ਕਰਦੈ। ਜੀਤ ਸਿੰਘ ਕੁਝ ਰੁਪਈਏ ਉਹਦੇ ਨਾਂਹ ਨਾਂਹ ਕਰਦੇ ਵੀ ਉਹਦੀ ਜੇਬ 'ਚ ਪਾ ਦੇਂਦਾ ਹੈ। ਪ੍ਰਿੰਸ ਗਾਉਂਦਾ ਹੋਇਆ ਨਿਕਲ ਜਾਂਦਾ ਹੈ।)*

## ਅੱਠਵਾਂ ਸੀਨ

[ਸਾਈਕਲੋਰਾਮਾ ਸਕਰੀਨ 'ਤੇ ਸ਼ਹਿਰ ਦੇ ਮੈਰਿਜ ਪੈਲਿਸ ਦੀ ਖ਼ੂਬਸੂਰਤੀ ਵਿਖਾਈ ਜਾਂਦੀ ਹੈ। ਉਪਰੰਤ ਮੈਰਿਜ ਪੈਲਿਸ ਦੇ ਅੰਦਰ ਯਾਨਿ ਸਟੇਜ਼ 'ਤੇ ਪ੍ਰਿੰਸ ਦੀ ਮੰਗਣੀ ਵਾਲਾ ਮਾਹੌਲ ਦਿਖਾਈ ਦੇਂਦਾ ਹੈ। ਮੰਚ 'ਤੇ ਰੰਗੀਨੀ ਵਾਲਾ ਮਾਹੌਲ ਸਿਰਜ ਲੈਣ ਤਕ ਭੰਗੜਾ ਗਿੱਧਾ ਸਕਰੀਨ 'ਤੇ ਚਲਾਇਆ ਜਾ ਸਕਦਾ ਹੈ। ਪ੍ਰਿੰਸ ਤੇ ਉਸ ਦੀ ਹੋਣ ਵਾਲੀ ਪਤਨੀ ਸਟੇਜ 'ਤੇ ਬੈਠ ਮਹਿਮਾਨ ਤੋਂ ਸਲਾਮੀਆਂ ਲੈ ਰਹੇ ਹਨ। ਡੀ.ਜੇ. ਵੱਜ ਰਿਹਾ ਹੈ। ਡਾਂਸਰ ਨੱਚ ਰਹੇ ਹਨ। ਮਹਿਮਾਨ ਸ਼ਰਾਬਾਂ ਪੀਣ 'ਚ ਵਿਅਸਥ ਹਨ। ਪ੍ਰਿੰਸ ਵਾਲੀ ਨਿੱਕੀ ਸਟੇਜ ਦੇ ਸਾਹਮਣੇ ਜੀਤ ਸਿੰਘ, ਤੋਤੀ ਸਰਪੰਚ ਤੇ ਕੁਝ ਹੋਰ ਸ਼ਰਾਬ ਪੀ ਰਹੇ ਹਨ। ਗੀਤ ਵੱਜ ਰਿਹਾ ਹੈ—ਮਿੱਤਰਾਂ ਨੂੰ ਸ਼ੌਕ ਗੋਲੀਆਂ ਚਲਾਉਣ ਦਾ ਜੀ...ਗੋਲੀਆਂ ਚਲਾਉਣ ਦਾ...। ਨਸ਼ੇ 'ਚ ਚੂਰ ਜੀਤ ਸਿੰਘ ਬਰੱਸਟ ਗੀਤ ਦੇ ਵਿਚ ਵਿਚ ਹੱਥ 'ਚ ਫੜੀ ਪਿਸਤੌਲ ਨਾਲ ਗੋਲੀਆਂ ਚਲਾਉਂਦਾ ਹੈ। ਮਾਮੇ ਦੀਆਂ ਇਨ੍ਹਾਂ ਹਰਕਤਾਂ 'ਤੇ ਪ੍ਰਿੰਸ ਸਟੇਜ ਤੋਂ ਹੀ ਮਾਮੇ ਨੂੰ ਦਾਦ ਦੇ ਰਿਹਾ ਹੈ। ਇਸੇ ਦੌਰਾਨ ਜੀਤ ਸਿੰਘ ਗੋਲੀ ਚਲਾਉਂਦਾ ਹੈ ਪਰ ਪਿਸਤੌਲ ਫ਼ਾਇਰ ਮਿਸ ਕਰ ਜਾਂਦਾ ਹੈ। ਜੀਤ ਸਿੰਘ ਗੋਲੀ ਚਲਾਉਣ ਖ਼ਾਤਰ ਪਿਸਤੌਲ ਦਾ ਬੱਟ ਮੇਜ਼ 'ਤੇ ਜ਼ੋਰ ਨਾਲ ਮਾਰਦਾ ਹੈ। ਪਿਸਤੌਲ 'ਚੋਂ ਅਚਾਨਕ ਗੋਲੀ ਚੱਲਦੀ ਹੈ ਤੇ ਸਾਹਮਣੇ ਸਟੇਜ 'ਤੇ ਬੈਠੇ ਪ੍ਰਿੰਸ ਦੀ ਹਿੱਕ 'ਚ ਜਾ ਵੱਜਦੀ ਹੈ। ਸਾਰੇ ਖ਼ੁਸ਼ੀ ਦੇ ਮਾਹੌਲ 'ਚ ਮਾਤਮ ਤੇ ਕੀਰਨੇ ਫੈਲ ਜਾਂਦੇ ਹਨ। ਜੀਤ ਸਿੰਘ ਹੜਬੜਾਇਆ ਹੋਇਆ ਪ੍ਰਿੰਸ ਵੱਲ ਦੌੜਦਾ ਹੈ। ਪ੍ਰਿੰਸ ਏਨੇ 'ਚ ਮਾਂ ਤੇ ਮਾਮੀ ਦੀਆਂ ਬਾਹਾਂ 'ਚ ਲੁੜਕ ਚੁੱਕਾ ਹੈ।]

ਮਹਿਮਾਨ 1 : ਕੋਈ ਐਂਬੂਲੈਂਸ਼ ਨੂੰ ਬੁਲਾਓ।

ਮਹਿਮਾਨ 2 : ਕੋਈ ਡਾਕਟਰ ਨੂੰ ਬੁਲਾਓ।

ਜੀਤ ਸਿੰਘ : ਨਹੀਂ ਪ੍ਰਿੰਸ...ਮੇਰੇ ਬੱਚੇ...।

ਗਿੰਦਰ : ਅਸੀਂ ਲੁੱਟੇ ਗਏ ਵੇ ਲੋਕੋ...ਮੇਰਾ ਪੁੱਤ ਤੇ ਹੈਨੀ ਜੇ ਵੇ ਲੋਕੋ...।



ਸੰਤ ਕੌਰ : ਏਹ ਕੀ ਕਹਿਰ ਪਾ ਤਾ ਓਏ ਮੇਰਿਆ ਰੱਬਾ...?

ਜੀਤ ਸਿੰਘ : ਪ੍ਰਿੰਸ ਪੁੱਤਰ...ਓਏ ਏਹ ਕੀ ਕਹਿਰ ਮਾਰਿਆ ਓਏ ਮੇਰਿਆ ਰੱਬਾ।

*(ਸਾਰੇ ਵੈਣ ਪਾਉਣ ਲੱਗਦੇ ਹਨ। ਪ੍ਰਿੰਸ ਦੀ ਮੰਗੇਤਰ ਵੀ।)*

ਉਏ ਮੈਂ ਏਹ ਕੀ ਕਰ ਬੈਠਾ ਉਏ ਮੇਰਿਆ ਰੱਬਾ...ਏਡਾ ਵੱਡਾ ਕਹਿਰ ਉਏ ਮੇਰਿਆ ਰੱਬਾ...(ਵਿਲਕ ਵਿਲਕ ਰੋਂਦਾ ਹੈ।)

ਸੰਤ ਕੌਰ : ਦੇਖ ਲੈ...ਦੇਖ ਲੈ ਬੰਦਿਆ ਰੱਬ ਦਿਆ...ਤੇਰੀਆਂ ਕੀਤੀਆਂ ਖ਼ੁਦ ਤੇਰੇ ਅੱਗੇ ਆ ਗਈਆਂ ਵੇ...ਤੂੰ ਜੋ ਬੀਜਿਆ ਸੀ ਅੱਜ ਉਹ ਹੱਥੀਂ ਵੱਢਣਾ ਪੈ ਗਿਆ ਈ...ਆਪਣੇ ਟੁੱਚੇ ਗੀਤਾਂ ਰਾਹੀਂ ਅੱਧੇ ਪੰਜਾਬ ਨੂੰ ਹਥਿਆਰ ਚਕਵਾਉਣ ਵਾਲਿਆ ਗੀਤਕਾਰਾ...ਵੇਖ ਲੈ, ਵੇਖ ਲੈ ਆਪਣੀ ਹੀ ਵਿਧਵਾ ਭੈਣ ਦੀ ਗੋਦੀ ਸੁੰਨੀ ਕਰ ਦਿੱਤੀ ਤੈਂ... ਪੰਜਾਬੀਆਂ ਦੇ ਪੁੱਤਰਾਂ ਨੂੰ ਆਪਣੇ ਗੀਤਾਂ ਰਾਹੀਂ ਬੰਦੂਕਾਂ, ਰਫ਼ਲਾਂ ਤੇ ਗੋਲੀਆਂ ਬਾਰੂਦ ਦਾ ਸ਼ੌਂਕੀ ਬਣਾਉਣ ਵਾਲਿਆ...ਤੂੰ ਏਹ ਗੰਦ ਪਾਉਣ ਲੱਗਿਆਂ ਕਾਸ਼ ਕਦੇ ਇਹ ਵੀ ਸੋਚਿਆ ਹੁੰਦਾ ਕਿ ਇਨ੍ਹਾਂ ਹਥਿਆਰਾਂ...ਬਾਰੂਦ ਹੀ ਉਗਲਣਾ ਹੁੰਦੈ ਬਾਰੂਦ...ਏਨ੍ਹਾਂ ਪਿਸਤੌਲਾਂ ਤੇ ਬੰਦੂਕਾਂ ਨੇ ਮੌਤ ਹੀ ਵੰਡਣੀ ਹੁੰਦੀ ਏ ਮੌਤ...ਜ਼ਿੰਦਗੀ ਨਹੀਂ...ਜ਼ਿੰਦਗੀ ਨਹੀਂ...(ਰੋਂਦੀ ਹੈ)।

ਜੀਤ ਸਿੰਘ : ਹਾਂ ਮੈਂ ਗੁਨਾਹਗਾਰ ਹਾਂ...ਵੱਡਾ ਗੁਨਾਹਗਾਰ ਆਂ ਮੈਂ...ਭੈਣ ਗਿੰਦਰ ਤੇਰਾ ਵੀ ਤੇ ਪੂਰੇ ਪੰਜਾਬ ਦਾ ਵੀ...ਗੁਨਾਹਗਾਰ ਹਾਂ ਮੈਂ ਉਨ੍ਹਾਂ ਹਜ਼ਾਰਾਂ ਮਾਵਾਂ ਦਾ...ਜਿਨ੍ਹਾਂ ਦੇ ਪੁੱਤਰ ਇਨ੍ਹਾਂ ਬੰਦੂਕਾਂ ਦੀ ਬਲੀ ਚੜ੍ਹ ਗਏ...ਗੁਨਾਹਗਾਰ ਹਾਂ ਮੈਂ ਉਨ੍ਹਾਂ ਭੈਣਾਂ ਦਾ ਜਿਨ੍ਹਾਂ ਦੇ ਵੀਰ ਏਨ੍ਹਾਂ ਕੁਲਹਿਣੀਆਂ ਬੰਦੂਕਾਂ ਨੇ ਖਾ ਲਏ...ਗੁਨਾਹਗਾਰ ਹਾਂ ਮੈਂ ਉਨ੍ਹਾਂ ਹਜ਼ਾਰਾਂ ਸੁਹਾਗਣਾਂ ਦਾ ਜਿਨ੍ਹਾਂ ਦੇ ਸਿਰੋਂ ਫੁਲਕਾਰੀਆਂ ਖੋਹ ਕੇ ਏਨ੍ਹਾਂ ਬੰਦੂਕਾਂ ਚਿੱਟੇ ਦੁਪੱਟੇ ਦੇ ਦਿੱਤੇ...ਏਹ ਸਾਬਿਤ ਹੋ ਗਿਆ ਗਿੰਦਰ ਭੈਣ ਕਿ ਜੋ ਬੀਜੋਗੇ ਓਹੀ ਵੱਢਣਾ ਪਊ...ਉਹੀ ਵੱਢਣਾ ਪਊ...ਓਏ ਮੇਰਿਆ ਰੱਬਾ..ਓਏ ਵੇਖ ਲਓ ਮੇਰੇ ਜਿਹਿਓ ਗ਼ੈਰ ਜ਼ਿੰਮੇਵਾਰ ਗੀਤਕਾਰੋ ਤੇ ਗਾਇਕੋ...ਵੇਖ ਲਓ ਇਨ੍ਹਾਂ ਹਥਿਆਰਾਂ ਦਾ ਅੰਜ਼ਾਮ...।

*(ਭੁੱਬਾਂ ਮਾਰ ਰੋਂਦਾ ਹੈ।)*

## ਨੌਵਾਂ ਸੀਨ

[ਸਾਈਕਲੋਰਾਮਾ ਸਕਰੀਨ 'ਤੇ ਢਾਡੀਆਂ ਵੱਲੋਂ ਗਾਇਆ ਤੇ ਫ਼ਿਲਮਾਇਆ ਹੋਇਆ ਇਹ ਗੀਤ ਦਿਖਾਈ ਦੇਂਦਾ ਹੈ।]

ਗੀਤ : ਗੀਤਕਾਰੋ ਪੰਜਾਬ ਦਿਓ ਹੋਸ਼ ਕਰੋ
ਗੀਤਾਂ ਰਾਹੀਂ ਕੀ ਚੰਨ ਚੜ੍ਹਾ ਰਹੇ ਓ
ਅਣਭੋਲ ਜੁਆਨੀ ਪੰਜਾਬ ਦੀ ਨੂੰ
ਕੇਹੜੇ ਔਝੜੇ ਰਾਹਾਂ ਵੱਲ ਪਾ ਰਹੇ ਓ...।

ਉਏ ਸ਼ਾਇਰੋ ਪੰਜਾਬ ਦਿਓ ਹੋਸ਼ ਕਰੋ
ਕੇਹੜੇ ਪਾਸੇ ਪੰਜਾਬ ਨੂੰ ਲਾ ਰਹੇ ਹੋ
ਪਿਸਤੌਲਾਂ ਬੰਦੂਕਾਂ ਦੇ ਗੀਤ ਗਾ ਗਾ
ਕੇਹੜੇ ਯੁੱਧ 'ਚ ਜੁਆਨੀਆਂ ਨੂੰ ਢਾਹ ਰਹੇ ਓ...

ਪੁੱਤ ਜੱਟਾਂ ਦੇ ਰੁਲ ਗਏ ਪੈਲੀਆਂ 'ਚ
ਤੇ ਤੁਸੀਂ ਬੱਕਰੇ ਬੁਲਾਉਂਦੇ ਵਿਖਾ ਰਹੇ ਓ
ਕਰੋ ਸ਼ਰਮ, ਹਯਾ ਨੂੰ ਹੱਥ ਮਾਰੋ
ਅੰਨਦਾਤੇ ਨੂੰ ਡਾਕੂ ਦਿਖਲਾ ਰਹੇ ਓ

ਗੀਤਕਾਰ ਪੰਜਾਬ ਦਿਓ ਹੋਸ਼ ਕਰੋ...

✶✶